ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

YouTube https://youtu.be/LQwolgxDu7I

awazeqaumtvpunjab@gmail.com

ਸੋਮਵਾਰ, 30 ਮਾਰਚ 2026 (ਨਾਨਕਸ਼ਾਹੀ ਸੰਮਤ : ੫੫੮, ੧੭ ਚੇਤ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243




## ਹਲਵਾਰਾ ਏਅਰਪੋਰਟ ਤੋਂ ਉਡਾਣਾਂ ਦੀ ਬੁਕਿੰਗ ਅਪ੍ਰੈਲ ’ਚ ਹੋਵੇਗੀ ਸ਼ੁਰੂ ਅਤੇ ਮਈ ’ਚ ਪਹਿਲੀ ਉਡਾਣ ਸੰਭਵ , ਰਵਨੀਤ ਸਿੰਘ ਬਿੱਟੂ ਨੇ ਕੀਤਾ ਐਲਾਨ

**ਲੁਧਿਆਣਾ, 29 ਮਾਰਚ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਦੇ ਲੋਕਾਂ ਲਈ ਇਹ ਮਾਣ ਵਾਲੀ ਗੱਲ ਹੈ। ਲੰਬੇ ਇੰਤਜ਼ਾਰ ਤੋਂ ਬਾਅਦ ਹੁਣ ਹਲਵਾਰਾ ਹਵਾਈ ਅੱਡੇ ਤੋਂ ਹਵਾਈ ਸੇਵਾਵਾਂ ਮੁੜ ਸ਼ੁਰੂ ਹੋਣ ਜਾ ਰਹੀਆਂ ਹਨ। ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਫੇਸਬੁੱਕ ’ਤੇ ਇਸ ਦੀ ਜਾਣਕਾਰੀ ਦਿੱਤੀ ਹੈ। ਬਿੱਟੂ ਦੇ ਅਨੁਸਾਰ ਹਵਾਈ ਅੱਡੇ ਤੋਂ ਉਡਾਣਾਂ ਲਈ ਬੁਕਿੰਗ ਅਪ੍ਰੈਲ ਵਿੱਚ ਸ਼ੁਰੂ ਹੋਵੇਗੀ, ਪਹਿਲੀ ਫਲਾਈਟ 10 ਤੋਂ 15 ਮਈ ਦੇ ਵਿਚਕਾਰ ਉਡਾਨ ਭਰ ਸਕਦੀ ਹੈ। ਸ਼ੁਰੂਆਤ ਵਿੱਚ ਦਿੱਲੀ ਅਤੇ ਹਲਵਾਰਾ ਵਿਚਕਾਰ ਦੋ ਰੋਜ਼ਾਨਾ ਉਡਾਣਾਂ ਚੱਲਣਗੀਆਂ। ਇੱਕ ਸਵੇਰੇ ਅਤੇ ਇੱਕ ਦੁਪਹਿਰ ਨੂੰ। ਇਹ ਉਡਾਣਾਂ 160-ਸੀਟਰ ਏਅਰਬੱਸ ਏ320 ਇਕਾਨਮੀ ਜਹਾਜ਼ ਦੀ ਵਰਤੋਂ ਕਰਕੇ ਚਲਾਈਆਂ ਜਾਣਗੀਆਂ। ਇਸ ਨਾਲ ਖੇਤਰ ਵਿੱਚ ਸੰਪਰਕ ਵਿੱਚ ਕਾਫ਼ੀ ਸੁਧਾਰ ਹੋਵੇਗਾ। ਰਵਨੀਤ ਸਿੰਘ ਬਿੱਟੂ ਨੇ ਕਿਹਾ ਕਿ ਹਲਵਾਰਾ ਹਵਾਈ ਅੱਡਾ ਖੁੱਲ੍ਹਣ ਨਾਲ ਨਾ ਸਿਰਫ਼ ਯਾਤਰੀਆਂ ਨੂੰ ਸਹੂਲਤ ਮਿਲੇਗੀ ਸਗੋਂ ਪੰਜਾਬ ਵਿੱਚ ਵਪਾਰ ਅਤੇ ਆਰਥਿਕ ਗਤੀਵਿਧੀਆਂ ਨੂੰ ਵੀ ਹੁਲਾਰਾ ਮਿਲੇਗਾ। ਇਸਨੂੰ ਸੂਬੇ ਦੇ ਵਿਕਾਸ ਵਿੱਚ ਇੱਕ ਵੱਡਾ ਮੀਲ ਪੱਥਰ ਮੰਨਿਆ ਜਾ ਰਿਹਾ ਹੈ। ਬਿੱਟੂ ਨੇ ਇਸ ਪ੍ਰਾਪਤੀ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਧੰਨਵਾਦ ਪ੍ਰਗਟ ਕੀਤਾ। ਬਿੱਟੂ ਨੇ ਕਿਹਾ ਕਿ ਉਨ੍ਹਾਂ ਦੀ ਦੂਰਦਰਸ਼ੀ ਅਗਵਾਈ ਅਤੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਦੀ ਵਚਨਬੱਧਤਾ ਨੇ ਅਜਿਹੇ ਪ੍ਰੋਜੈਕਟਾਂ ਨੂੰ ਸੰਭਵ ਬਣਾਇਆ ਹੈ। ਇਸ ਨਵੀਂ ਸ਼ੁਰੂਆਤ ਨਾਲ ਪੰਜਾਬ ਹੁਣ ਦੇਸ਼ ਅਤੇ ਵਿਦੇਸ਼ਾਂ ਨਾਲ ਬਿਹਤਰ ਸੰਪਰਕ ਵੱਲ ਵਧ ਰਿਹਾ ਹੈ ਅਤੇ ਵਿਕਾਸ ਦੀ ਇੱਕ ਨਵੀਂ ਲਹਿਰ ਲਈ ਤਿਆਰ ਹੈ।

## ਜੰਗ ’ਚ ਅਮਰੀਕਾ ਨੂੰ ਸਭ ਤੋਂ ਵੱਡਾ ਨੁਕਸਾਨ !

# ਇਰਾਨ ਨੇ ’ਉਡਾ’ਤਾ’ 25,00 ਕਰੋੜ ਦਾ ‘ਜਹਾਜ਼’

**ਤਹਿਰਾਨ, 29 ਮਾਰਚ (ਆਵਾਜ਼ਿ ਕੌਮ ਬਿਊਰੋ)**-ਮਿਡਲ-ਈਸਟ ’ਚ ਚੱਲ ਰਹੀ ਭਿਆਨਕ ਜੰਗ ਦੌਰਾਨ ਅਮਰੀਕੀ ਹਵਾਈ ਸੈਨਾ ਨੂੰ ਹੁਣ ਤੱਕ ਦਾ ਸਭ ਤੋਂ ਵੱਡਾ ਨੁਕਸਾਨ ਝੱਲਣਾ ਪਿਆ ਹੈ। ਸਾਊਦੀ ਅਰਬ ’ਚ ਸਥਿਤ ਅਮਰੀਕੀ ਫੌਜੀ ਅੱਡੇ ‘ਪ੍ਰਿੰਸ ਸੁਲਤਾਨ ਏਅਰ ਬੇਸ’ ’ਤੇ ਇਰਾਨ ਵੱਲੋਂ ਕੀਤੀ ਗਈ ਮਿਜ਼ਾਈਲਾਂ ਦੀ ਬਾਰਿਸ਼ ਵਿੱਚ ਅਮਰੀਕਾ ਦਾ ਬੇਹੱਦ ਕੀਮਤੀ ਅਤੇ ਰਣਨੀਤਕ ਤੌਰ ’ਤੇ ਮਹੱਤਵਪੂਰਨ E-3 Sentry (AWACS) ਜਹਾਜ਼ ਤਬਾਹ ਹੋ ਗਿਆ ਹੈ।



ਸੂਤਰਾਂ ਅਨੁਸਾਰ ਇਰਾਨ ਨੇ 27 ਮਾਰਚ ਦੀ ਰਾਤ ਨੂੰ ਦਰਜਨਾਂ ਬੈਲਿਸਟਿਕ ਮਿਜ਼ਾਈਲਾਂ ਅਤੇ ਆਤਮਘਾਤੀ ਡਰੋਨਾਂ ਨਾਲ ਅਮਰੀਕੀ ਬੇਸ ਨੂੰ ਨਿਸ਼ਾਨਾ ਬਣਾਇਆ। ਹਾਲਾਂਕਿ ਅਮਰੀਕੀ ਰੱਖਿਆ ਪ੍ਰਣਾਲੀ ਨੇ ਕਈ ਮਿਜ਼ਾਈਲਾਂ ਨੂੰ ਹਵਾ ਵਿੱਚ ਹੀ ਨਸ਼ਟ ਕਰ ਦਿੱਤਾ, ਪਰ ਇੱਕ ਮਿਜ਼ਾਈਲ ਸਿੱਧੀ ਉਸ ਰਨਵੇਅ ’ਤੇ ਜਾ ਡਿੱਗੀ ਜਿੱਥੇ AWACS ਜਹਾਜ਼ ਖੜ੍ਹਾ ਸੀ। ਇਸ ਹਮਲੇ ਵਿੱਚ 10 ਤੋਂ 12 ਅਮਰੀਕੀ ਸੈਨਿਕ ਵੀ ਜ਼ਖ਼ਮੀ ਹੋਏ ਹਨ। ਤਬਾਹ ਹੋਇਆ E-3 Sentry ਕੋਈ ਆਮ ਜਹਾਜ਼ ਨਹੀਂ ਸੀ। ਇਸ ਦੀਆਂ ਖ਼ੂਬੀਆਂ ਇਸ ਨੂੰ ਦੁਨੀਆ ਦਾ ਸਭ ਤੋਂ ਖ਼ਤਰਨਾਕ ਨਿਗਰਾਨੀ ਜਹਾਜ਼ ਬਣਾਉਂਦੀਆਂ ਹਨ। ਇਹ ਜਹਾਜ਼ 400 ਕਿਲੋਮੀਟਰ ਦੇ ਘੇਰੇ ਵਿੱਚ ਦੁਸ਼ਮਣ ਦੇ ਹਰ ਜਹਾਜ਼ ਅਤੇ ਮਿਜ਼ਾਈਲ ’ਤੇ ਨਜ਼ਰ ਰੱਖ ਸਕਦਾ ਹੈ ਤੇ ਇਹ ਹਵਾ ਵਿੱਚ ਮੌਜੂਦ 6-35 ਅਤੇ ਹੋਰ ਲੜਾਕੂ ਜਹਾਜ਼ਾਂ ਨੂੰ ਨਿਰਦੇਸ਼ ਦੇਣ ਵਾਲਾ ‘ਮੋਬਾਈਲ ਕਮਾਂਡ ਸੈਂਟਰ’ ਸੀ। ਇੱਕ AWACS ਜਹਾਜ਼ ਦੀ ਕੀਮਤ ਲਗਭਗ 2,500 ਕਰੋੜ ਰੁਪਏ (300 ਮਿਲੀਅਨ ਡਾਲਰ) ਤੋਂ ਵੱਧ ਹੈ। ਰੱਖਿਆ ਮਾਹਿਰਾਂ ਅਨੁਸਾਰ, ਅਮਰੀਕੀ ਹਵਾਈ ਸੈਨਾ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੈ ਜਦੋਂ ਕਿਸੇ ਦੁਸ਼ਮਣ ਦੇ ਹਮਲੇ ਵਿੱਚ ਇੱਕ AWACS ਜਹਾਜ਼ ਤਬਾਹ ਹੋਇਆ ਹੈ। ਅਮਰੀਕਾ ਕੋਲ ਅਜਿਹੇ ਸਿਰਫ਼ 16 ਜਹਾਜ਼ ਕਾਰਜਸ਼ੀਲ ਸਨ, ਜਿਨ੍ਹਾਂ ਵਿੱਚੋਂ ਹੁਣ ਇੱਕ ਤਬਾਹ ਹੋ ਗਿਆ ਹੈ। ਇਸ ਦੇ ਤਬਾਹ ਹੋਣ ਨਾਲ ਮੱਧ-ਪੂਰਬ ਵਿੱਚ ਅਮਰੀਕਾ ਦੀ ਹਵਾਈ ਨਿਗਰਾਨੀ ਬੁਰੀ ਤਰ੍ਹਾਂ ਪ੍ਰਭਾਵਿਤ ਹੋਵੇਗੀ। ਸੈਟੇਲਾਈਟ ਤਸਵੀਰਾਂ ਤੋਂ ਪਤਾ ਲੱਗਾ ਹੈ ਕਿ AWACS ਤੋਂ ਇਲਾਵਾ, ਹਵਾ ਵਿੱਚ ਤੇਲ ਭਰਨ ਵਾਲੇ KC-135 Stratotanker ਜਹਾਜ਼ਾਂ ਨੂੰ ਵੀ ਨੁਕਸਾਨ ਪਹੁੰਚਿਆ ਹੈ।

## ਈਰਾਨ-ਅਮਰੀਕਾ ’ਚ ਜੰਗ ਤੇਜ਼ ! ਮਿਡਲ ਈਸਟ ’ਚ 3500 ਅਮਰੀਕੀ ਕਮਾਂਡੋ ਲੈ ਕੇ ਜੰਗੀ ਜ਼ੋਨ ’ਚ ਪਹੁੰਚਿਆ ਅਮਰੀਕੀ ਜਹਾਜ਼

**ਤਹਿਰਾਨ, 29 ਮਾਰਚ (ਆਵਾਜ਼ਿ ਕੌਮ ਬਿਊਰੋ)**-ਮੱਧ ਪੂਰਬ ਵਿੱਚ ਈਰਾਨ ਅਤੇ ਅਮਰੀਕਾ ਵਿਚਾਲੇ ਜੰਗੀ ਹਾਲਾਤ ਲਗਾਤਾਰ ਗੰਭੀਰ ਹੁੰਦੇ ਜਾ ਰਹੇ ਹਨ। ਅਮਰੀਕਾ ਨੇ ਖੇਤਰ ਵਿੱਚ ਆਪਣੀ ਫੌਜੀ ਤਾਕਤ ਵਧਾਉਂਦੇ ਹੋਏ 3500 ਤੋਂ ਵੱਧ ਹੋਰ ਫ਼ੌਜੀ ਤਾਇਨਾਤ ਕੀਤੇ ਹਨ। ਅਮਰੀਕੀ ਸੈਂਟਰਲ ਕਮਾਂਡ ਨੇ ਪੁਸ਼ਟੀ ਕੀਤੀ ਹੈ ਕਿ ਅਤਿ-ਆਧੁਨਿਕ ਜੰਗੀ ਜਹਾਜ਼ USS Tripoli ਆਪਣੇ ਨਿਰਧਾਰਤ ਆਪ੍ਰੇਸ਼ਨਲ ਜ਼ੋਨ ਵਿੱਚ ਪਹੁੰਚ ਗਿਆ ਹੈ, ਜਿਸ ਵਿੱਚ ਲਗਭਗ 2500 ਮਰੀਨ ਫੌਜੀ ਸਵਾਰ ਹਨ। ਇਹ ਜੰਗੀ ਜਹਾਜ਼ F-35 ਸਟੀਲਥ ਫਾਈਟਰ ਜੈੱਟ ਅਤੇ ਓਸਪ੍ਰੇ ਵਰਗੇ ਐਡਵਾਂਸ ਏਅਰਕ੍ਰਾਫਟ ਚਲਾਉਣ ਵਿੱਚ ਸਮਰੱਥ ਹੈ। ਪਹਿਲਾਂ ਇਹ ਜਾਪਾਨ ਵਿੱਚ ਤਾਇਨਾਤ ਸੀ, ਪਰ ਵਧਦੇ ਤਣਾਅ ਦੇ ਮੱਦੇਨਜ਼ਰ ਇਸ ਨੂੰ ਮੱਧ ਪੂਰਬ ਭੇਜਿਆ ਗਿਆ ਹੈ। ਇਸ ਦੇ ਨਾਲ ਹੀ USS Boxer ਅਤੇ ਹੋਰ ਨੌਸੈਨਿਕ ਯੂਨਿਟਾਂ ਨੂੰ ਵੀ ਖੇਤਰ ਵੱਲ ਰਵਾਨਾ ਕੀਤਾ ਗਿਆ ਹੈ। ਅਮਰੀਕੀ ਸੈਂਟਰਲ ਕਮਾਂਡ ਦੇ ਅਨੁਸਾਰ, 28 ਫਰਵਰੀ ਤੋਂ ਸ਼ੁਰੂ ਹੋਏ ‘ਆਪ੍ਰੇਸ਼ਨ ਐਪਿਕ ਫਿਊਰੀ’ ਤਹਿਤ ਹੁਣ ਤੱਕ ਈਰਾਨ ਦੇ 11,000 ਤੋਂ ਵੱਧ ਟਿਕਾਣਿਆਂ ’ਤੇ ਹਮਲੇ ਕੀਤੇ ਜਾ ਚੁੱਕੇ ਹਨ। ਤਣਾਅ ਉਦੋਂ ਹੋਰ ਵੱਧ ਗਿਆ ਜਦੋਂ ਈਰਾਨ ਨੇ ਸਾਊਦੀ ਅਰਬ ਸਥਿਤ ਪ੍ਰਿੰਸ ਸੁਲਤਾਨ ਏਅਰ ਬੇਸ ’ਤੇ ਬੈਲਿਸਟਿਕ ਮਿਜ਼ਾਈਲਾਂ ਅਤੇ ਡਰੋਨਾਂ ਨਾਲ ਹਮਲਾ ਕੀਤਾ, ਜਿਸ ਵਿੱਚ 10 ਅਮਰੀਕੀ ਸੈਨਿਕ ਜ਼ਖਮੀ ਹੋਏ ਹਨ। ਇਸ ਜੰਗ ਵਿੱਚ ਯਮਨ ਦੇ ਹੂਤੀ ਵਿਦਰੋਹੀਆਂ ਦੀ ਸ਼ਮੂਲੀਅਤ ਨੇ ਸਥਿਤੀ ਨੂੰ ਹੋਰ ਗੁੰਝਲਦਾਰ ਬਣਾ ਦਿੱਤਾ ਹੈ। ਹੂਤੀਆਂ ਵੱਲੋਂ ਇਜ਼ਰਾਈਲ ’ਤੇ ਕੀਤੇ ਜਾ ਰਹੇ ਹਮਲਿਆਂ ਕਾਰਨ ਸਵਿਜ਼ ਨਹਿਰ ਅਤੇ ਬਾਬ-ਅਲ-ਮੰਡੇਬ ਵਰਗੇ ਅਹਿਮ ਸਮੁੰਦਰੀ ਰਸਤਿਆਂ ਦੀ ਸੁਰੱਖਿਆ ਖਤਰੇ ਵਿੱਚ ਪੈ ਗਈ ਹੈ। ਹੋਰਮੁਜ਼ ਜਲਡਮਰੂ ਮੱਧ ਲਗਭਗ ਬੰਦ ਹੋਣ ਕਾਰਨ ਵਿਸ਼ਵ ਵਪਾਰ ਅਤੇ ਹਵਾਈ ਮਾਰਗਾਂ ’ਤੇ ਬੁਰਾ ਅਸਰ ਪੈ ਰਿਹਾ ਹੈ। ਅਮਰੀਕਾ ਵੱਲੋਂ ਸ਼ਾਂਤੀ ਦੀਆਂ ਕੋਸ਼ਿਸ਼ਾਂ ਫਿਲਹਾਲ ਅਸਫਲ ਰਹੀਆਂ ਹਨ। ਅਮਰੀਕੀ ਦੂਤ ਸਟੀਵ ਵਿਟਕੋਫ ਦੁਆਰਾ ਦਿੱਤੇ ਗਏ ਜੰਗਬੰਦੀ ਦੇ ਪ੍ਰਸਤਾਵ ਨੂੰ ਈਰਾਨ ਨੇ ਰੱਦ ਕਰ ਦਿੱਤਾ ਹੈ। ਈਰਾਨ ਨੇ ਜੰਗਬੰਦੀ ਦੇ ਬਦਲੇ ਭਾਰੀ ਮੁਆਵਜ਼ੇ ਅਤੇ ਆਪਣੀ ਪ੍ਰਭੂਸੱਤਾ ਨੂੰ ਮਾਨਤਾ ਦੇਣ ਦੀ ਸ਼ਰਤ ਰੱਖੀ ਹੈ। ਦੂਜੇ ਪਾਸੇ ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਕਿਹਾ ਹੈ ਕਿ ਉਹ ਜ਼ਮੀਨੀ ਫੌਜ ਉਤਾਰੇ ਬਿਨਾਂ ਆਪਣੇ ਟੀਚੇ ਹਾਸਲ ਕਰਨਾ ਚਾਹੁੰਦੇ ਹਨ, ਪਰ ਰਾਸ਼ਟਰਪਤੀ ਡੋਨਾਲਡ ਟਰੰਪ ਹਰ ਸਥਿਤੀ ਲਈ ਤਿਆਰ ਹਨ।

## ਠਾਕੁਰ ਦਲੀਪ ਸਿੰਘ ਦੀਆਂ ਵਧੀਆਂ ਮੁਸ਼ਕਿਲਾਂ, 329 ਅਦਾਲਤ ਵੱਲੋਂ ਭਗੌੜਾ ਐਲਾਨ ਕਰਨ ਨੂੰ ਲੈ ਕੇ ਨੋਟਿਸ ਜਾਰੀ

**ਲੁਧਿਆਣਾ, 29 ਮਾਰਚ (ਆਵਾਜ਼ਿ ਕੌਮ ਬਿਊਰੋ)**-ਨਾਮਧਾਰੀ ਸੰਪਰਦਾ ਦੇ ਸਤਿਗੁਰੂ ਜਗਜੀਤ ਸਿੰਘ ਦੀ ਮੌਤ ਤੋਂ ਬਾਅਦ ਉਤਰਾਧਿਕਾਰੀ ਦੇ ਮਾਮਲੇ ਵਿੱਚ ਠਾਕੁਰ ਦਲੀਪ ਸਿੰਘ ਦੀਆਂ ਮੁਸ਼ਕਿਲਾਂ



ਵਧ ਗਈਆਂ ਹਨ। ਸੀਬੀਆਈ (329) ਦੀ ਵਿਸ਼ੇਸ਼ ਅਦਾਲਤ ਨੇ ਕਤਲ ਮਾਮਲੇ ਵਿੱਚ ਠਾਕੁਰ ਦਿਲੀਪ ਸਿੰਘ ਨੂੰ 8 ਅਪ੍ਰੈਲ ਤੱਕ ਨਿੱਜੀ ਤੌਰ ’ਤੇ ਪੇਸ਼ ਹੋਣ ਦੇ ਹੁਕਮ ਦਿੱਤੇ ਹਨ। ਅਦਾਲਤ ਨੇ ਇਸ ਸਬੰਧੀ ਇੱਕ ਨੋਟਿਸ ਜਾਰੀ ਕੀਤਾ ਹੈ। ਜਾਣਕਾਰੀ ਅਨੁਸਾਰ, ਸੀਬੀਆਈ ਅਦਾਲਤ ਨੇ ਇਹ ਨੋਟਿਸ ਜਾਂਚ ਦੇ ਨੌਂ ਸਾਲਾਂ ਦੌਰਾਨ ਠਾਕੁਰ ਦਿਲੀਪ ਸਿੰਘ ਦੇ ਲਗਾਤਾਰ ਲਾਪਤਾ ਹੋਣ ਤੋਂ ਬਾਅਦ ਜਾਰੀ ਕੀਤਾ ਹੈ। ਅਦਾਲਤ ਨੇ ਕੇਸ ਨੰਬਰ 3(S)/2017 ਦੀ ਸੁਣਵਾਈ ਦੌਰਾਨ ਸਖ਼ਤ ਰੁਖ਼ ਅਪਣਾਉਂਦੇ ਹੋਏ ਕਿਹਾ ਕਿ ਮੁਲਜ਼ਮ ਨਾ ਤਾਂ ਅਦਾਲਤ ਵਿੱਚ ਪੇਸ਼ ਹੋ ਰਿਹਾ ਹੈ ਅਤੇ ਨਾ ਹੀ ਆਪਣਾ ਮੌਜੂਦਾ ਪਤਾ ਦੱਸ ਰਿਹਾ ਹੈ। ਹੁਣ ਅਦਾਲਤ ਨੇ ਨੋਟਿਸ ਜਾਰੀ ਕਰਦੇ ਹੋਏ 8 ਅਪ੍ਰੈਲ ਤੱਕ ਪੇਸ਼ ਹੋਣ ਦੇ ਹੁਕਮ ਜਾਰੀ ਕੀਤੇ ਹਨ। ਜੇਕਰ ਉਹ ਮਿੱਥੀ ਤਰੀਕ ਤੱਕ ਹਾਜ਼ਰ ਨਹੀਂ ਹੁੰਦੇ ਤਾਂ ਠਾਕੁਰ ਦਿਲੀਪ ਸਿੰਘ ਨੂੰ ਭਗੌੜਾ ਐਲਾਨਿਆ ਜਾਵੇਗਾ। ਜਾਣਕਾਰੀ ਅਨੁਸਾਰ, ਠਾਕੁਰ ਦਿਲੀਪ ਸਿੰਘ ਵਿਰੁੱਧ ਤਿੰਨ ਵੱਖ-ਵੱਖ ਥਾਣਿਆਂ ਵਿੱਚ ਮਾਮਲੇ ਦਰਜ ਹਨ। ਉਹ ਮਾਤਾ ਚੰਦ ਕੌਰ ਦੇ ਕਤਲ, ਸਤਿਗੁਰੂ ਉਦੈ ਸਿੰਘ ਅਤੇ ਮਾਤਾ ਚੰਦ ਕੌਰ ਦੇ ਜਵਾਈ ਜਗਤਾਰ ਸਿੰਘ ’ਤੇ ਹਮਲਾ ਕਰਨ ਦੀ ਸਾਜ਼ਿਸ਼ ਅਤੇ ਨਾਮਧਾਰੀ ਅਵਤਾਰ ਸਿੰਘ ਦੇ ਕਤਲ ਵਿੱਚ ਨਾਮਜ਼ਦ ਹੈ। 2017 ਵਿੱਚ ਇਨ੍ਹਾਂ ਤਿੰਨਾਂ ਮਾਮਲਿਆਂ ਨੂੰ ਮਿਲਾ ਕੇ ਸੀਬੀਆਈ ਨੂੰ ਭੇਜੇ ਗਏ ਸਨ। ਉਪਰੰਤ, ਸੀਬੀਆਈ ਨੇ ਚੰਡੀਗੜ੍ਹ ’ਚ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕੀਤੀ ਸੀ, ਜਿਸ ਵਿੱਚ ਇਹ ਹੁਕਮ ਜਾਰੀ ਹੋਇਆ ਹੈ। ਜੇਕਰ ਹੁਣ ਠਾਕੁਰ ਦਿਲੀਪ ਸਿੰਘ ਭਗੌੜਾ ਐਲਾਨੇ ਜਾਂਦੇ ਹਨ ਤਾਂ ਉਨ੍ਹਾਂ ਦੀਆਂ ਜਾਇਦਾਦਾਂ ਕੁਰਕ ਕਰਨ ਦੀ ਪ੍ਰਕਿਰਿਆ ਸ਼ੁਰੂ ਕੀਤੀ ਜਾ ਸਕਦੀ ਹੈ। ਦੱਸ ਦਈਏ ਕਿ ਸ੍ਰੀ ਭੈਣੀ ਸਾਹਿਬ ਦੇ ਮੁਖੀ ਸਤਿਗੁਰੂ ਜਗਜੀਤ ਸਿੰਘ ਦਾ 2012 ਵਿੱਚ ਦੇਹਾਂਤ ਹੋ ਗਿਆ ਸੀ। ਉਨ੍ਹਾਂ ਨੇ ਆਪਣੀ ਮੌਤ ਤੋਂ ਪਹਿਲਾਂ ਜਨਤਕ ਤੌਰ ’ਤੇ ਉੱਤਰਾਧਿਕਾਰੀ ਦਾ ਐਲਾਨ ਨਹੀਂ ਕੀਤਾ ਸੀ, ਜਿਸ ਕਾਰਨ ਮੌਤ ਤੋਂ ਬਾਅਦ ਉੱਤਰਾਧਿਕਾਰੀ ਦਾ ਵਿਵਾਦ ਪੈਦਾ ਹੋ ਗਿਆ। ਸਤਿਗੁਰੂ ਠਾਕੁਰ ਉਦੈ ਸਿੰਘ ਅਤੇ ਠਾਕੁਰ ਦਿਲੀਪ ਸਿੰਘ ਦਾਅਵੇਦਾਰ ਸਨ। ਸਤਿਗੁਰੂ ਠਾਕੁਰ ਉਦੈ ਸਿੰਘ ਨੂੰ ਆਖਰਕਾਰ ਮੁਖੀ ਐਲਾਨਿਆ ਗਿਆ ਸੀ, ਪਰ ਦਿਲੀਪ ਸਿੰਘ ਇਸ ਫੈਸਲੇ ਦਾ ਵਿਰੋਧ ਕਰਦੇ ਰਹੇ। ਇਹ ਵਿਵਾਦ ਜਲਦੀ ਹੀ ਅਪਰਾਧਿਕ ਘਟਨਾਵਾਂ ਵਿੱਚ ਬਦਲ ਗਿਆ। ਸੀਬੀਆਈ ਦੇ ਅਨੁਸਾਰ, ਦਸੰਬਰ 2015 ਵਿੱਚ ਜਲੰਧਰ ਵਿੱਚ ਮਸ਼ਹੂਰ ਹਰੀਵੱਲਭ ਸੰਗੀਤ ਸੰਮੇਲਨ ਦੌਰਾਨ ਸਤਿਗੁਰੂ ਉਦੈ ਸਿੰਘ ਅਤੇ ਮਾਤਾ ਚੰਦ ਕੌਰ ਦੇ ਜਵਾਈ ਜਗਤਾਰ ਸਿੰਘ ਨੂੰ ਟਿਫਨ ਬੰਬ ਨਾਲ ਮਾਰਨ ਦੀ ਸਾਜ਼ਿਸ਼ ਰਚੀ ਗਈ ਸੀ। ਦਿਲੀਪ ਸਿੰਘ ਦੀ ਪਛਾਣ ਸਾਜ਼ਿਸ਼ ਦੇ ਮਾਸਟਰਮਾਈਂਡ ਵਜੋਂ ਹੋਈ ਸੀ, ਅਤੇ ਜਲੰਧਰ ਵਿੱਚ ਇੱਕ ਐਫਆਈਆਰ ਦਰਜ ਕੀਤੀ ਗਈ ਸੀ।

## ਸਾਬਕਾ ਮੰਤਰੀ ਲਾਲਜੀਤ ਸਿੰਘ ਭੁੱਲਰ ਮੁੜ ਤਿੰਨ ਦਿਨ ਦੇ ਰਿਮਾਂਡ ’ਤੇ, ਅੰਮ੍ਰਿਤਸਰ ਅਦਾਲਤ ’ਚ ਹੋਈ ਪੇਸ਼ੀ

**ਅੰਮ੍ਰਿਤਸਰ/ਪਟਿਆਲਾ, 29 ਮਾਰਚ (ਆਵਾਜ਼ਿ ਕੌਮ ਬਿਊਰੋ)**-ਡੀਐਮ ਗਗਨਦੀਪ ਸਿੰਘ ਦੀ ਮੌਤ ਦੇ ਮਾਮਲੇ ਵਿੱਚ ਅੱਜ ਮੁੜ ਆਮ ਆਦਮੀ ਪਾਰਟੀ ਪੰਜਾਬ ਦੇ ਸਾਬਕਾ ਮੰਤਰੀ ਲਾਲਜੀਤ ਸਿੰਘ ਭੁੱਲਰ



ਦੀ ਅੰਮ੍ਰਿਤਸਰ ਅਦਾਲਤ ’ਚ ਪੇਸ਼ੀ ਹੋਈ, ਜਿਥੋਂ ਭੁੱਲਰ ਨੂੰ ਮੁੜ 3 ਦਿਨ ਦੇ ਹੋਰ ਰਿਮਾਂਡ ’ਤੇ ਭੇਜ ਦਿੱਤਾ ਗਿਆ। ਦੱਸ ਦਈਏ ਕਿ ਆਪ ਵਿਧਾਇਕ ਦਾ ਭੁੱਲਰ ਦਾ ਅੱਜ 5 ਦਿਨ ਦਾ ਰਿਮਾਂਡ ਖਤਮ ਹੋਇਆ ਸੀ। ਜ਼ਿਕਰਯੋਗ ਹੈ ਕਿ ਪੰਜਾਬ ਵੇਅਰਹਾਊਸਿੰਗ ਕਾਰਪੋਰੇਸ਼ਨ ਦੇ ਡੀਐਮ ਗਗਨਦੀਪ ਰੰਧਾਵਾ ਵੱਲੋਂ ਸ਼ਨੀਵਾਰ ਨੂੰ ਖੁਦ ਕੁਸ਼ੀ ਕਰਨ ਤੋਂ ਬਾਅਦ ਅੰਮ੍ਰਿਤਸਰ ਪੁਲਿਸ ਨੇ ਐਤਵਾਰ ਨੂੰ ਲਾਲਜੀਤ ਭੁੱਲਰ ਵਿਰੁੱਧ ਐਫਆਈਆਰ ਦਰਜ ਕੀਤੀ ਸੀ। ਭੁੱਲਰ ਦੇ ਪਿਤਾ ਸੁਖਦੇਵ ਸਿੰਘ ਭੁੱਲਰ ਅਤੇ ਪੀਏ ਦਿਲਬਾਗ ਸਿੰਘ ਸਮੇਤ ਹੋਰਾਂ ’ਤੇ ਵੀ ਮਾਮਲਾ ਦਰਜ ਕੀਤਾ ਗਿਆ ਸੀ। ਗਗਨਦੀਪ ਸਿੰਘ ਦੀ ਪਤਨੀ ਉਪਿੰਦਰ ਕੌਰ ਨੇ ਆਪਣੀ ਸ਼ਿਕਾਇਤ ਵਿੱਚ ਭੁੱਲਰ, ਉਸਦੇ ਪਿਤਾ ਅਤੇ ਪੀਏ ’ਤੇ ਉਸਦੇ ਪਤੀ ਨੂੰ ਇਹ ਖੌਫਨਾਕ ਕਦਮ ਚੁੱਕਣ ਲਈ ਮਜਬੂਰ ਕਰਨ ਦਾ ਦੋਸ਼ ਲਗਾਇਆ ਸੀ। ਉਸਨੇ ਭੁੱਲਰ ’ਤੇ ਉਸਦੇ ਪਤੀ ’ਤੇ ਹਮਲਾ ਕਰਨ ਅਤੇ ਵੇਅਰਹਾਊਸ ਟੈਂਡਰਾਂ ਦੀ ਅਲਾਟਮੈਂਟ ਨੂੰ ਲੈ ਕੇ ਉਸਦੇ ਪਤੀ ਨੂੰ ਵਾਰ-ਵਾਰ ਅਪਮਾਨਿਤ ਕਰਨ ਦਾ ਦੋਸ਼ ਲਗਾਇਆ ਸੀ। ਤਸ਼ੱਦਦ ਸਹਿਣ ਤੋਂ ਬਾਅਦ, ਰੰਧਾਵਾ ਨੇ ਸ਼ਨੀਵਾਰ ਸਵੇਰੇ ਕਥਿਤ ਤੌਰ ’ਤੇ ਸਲਫਾਸ ਖਾ ਲਈ ਸੀ। ਇਸ ਖੌਫਨਾਕ ਕਦਮ ਚੁੱਕਣ ਤੋਂ ਪਹਿਲਾਂ, ਉਸਨੇ ਇੱਕ ਛੋਟਾ ਵੀਡੀਓ ਰਿਕਾਰਡ ਕੀਤਾ, ਜੋ ਹੁਣ ਸੋਸ਼ਲ ਮੀਡੀਆ ’ਤੇ ਵਾਇਰਲ ਹੋ ਰਿਹਾ ਹੈ।“

**ਹਰਮੀਤ ਸਿੰਘ ਪਠਾਣਮਾਜਰਾ ਦਾ ਵਧਿਆ ਰਿਮਾਂਡ, ਜਬਰ-ਜ਼ਿਨਾਹ ਮਾਮਲੇ ’ਚ ਹੋਈ ਹੈ ਗ੍ਰਿਫ਼ਤਾਰੀ**-ਜਬਰ-ਜ਼ਿਨਾਹ ਮਾਮਲੇ ’ਚ ਗ੍ਰਿਫ਼ਤਾਰ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਨੂੰ ਅੱਜ ਪਟਿਆਲਾ ਦੀ ਅਦਾਲਤ ’ਚ ਪੇਸ਼ ਕੀਤਾ ਗਿਆ। ਇੱਥੇ ਅਦਾਲਤ ਨੇ ਪਠਾਣਮਾਜਰਾ ਨੂੰ 7 ਦਿਨਾਂ ਦੇ ਹੋਰ ਰਿਮਾਂਡ ’ਤੇ ਭੇਜ ਦਿੱਤਾ ਹੈ। ਅੱਜ ਪਠਾਣਮਾਜਰਾ ਦਾ 5 ਦਿਨਾਂ ਦਾ ਰਿਮਾਂਡ ਖ਼ਤਮ ਹੋ ਗਿਆ ਸੀ, ਜਿਸ ਤੋਂ ਬਾਅਦ ਉਸ ਨੂੰ ਅਦਾਲਤ ’ਚ ਪੇਸ਼ ਕੀਤਾ ਗਿਆ। ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਖ਼ਿਲਾਫ਼ 1 ਸਤੰਬਰ 2025 ਨੂੰ ਜਬਰ-ਜ਼ਿਨਾਹ, ਧੋਖਾਧੜੀ ਅਤੇ ਅਪਰਾਧਿਕ ਧਮਕੀ ਦੇ ਇਲਜ਼ਾਮਾਂ ਹੇਠ ਐੱਫ. ਆਈ. ਆਰ. ਦਰਜ ਕੀਤੀ ਗਈ ਸੀ। ਪਠਾਣਮਾਜਰਾ ਸਤੰਬਰ 2025 ਤੋਂ ਰੇਪ ਮਾਮਲੇ ’ਚ ਫ਼ਰਾਰ ਚੱਲ ਰਿਹਾ ਸੀ। ਉਸ ਸਮੇਂ ਤੋਂ ਹੀ ਪੁਲਸ ਵਲੋਂ ਉਸ ਦੀ ਭਾਲ ਕੀਤੀ ਜਾ ਰਹੀ ਸੀ। ਐੱਫ. ਆਈ. ਆਰ. ਵਿੱਚ ਦਿੱਤੀ ਜਾਣਕਾਰੀ ਮੁਤਾਬਕ ਇੱਕ ਔਰਤ, ਜੋ ਸਾਲ 2013-14 ਵਿੱਚ ਪਠਾਣਮਾਜਰਾ ਦੇ ਸੰਪਰਕ ਵਿੱਚ ਆਈ ਸੀ, ਉਸ ਨੇ ਪਠਾਣਮਾਜਰਾ ’ਤੇ ਗੁੰਮਰਾਹ ਕਰਕੇ ਵਿਆਹ ਕਰਵਾਉਣ ਅਤੇ ਸਰੀਰਕ ਸ਼ੋਸ਼ਣ ਕਰਨ ਦੇ ਇਲਜ਼ਾਮ ਲਗਾਏ ਹਨ। ਇਸ ਮਾਮਲੇ ਦੇ ਸਬੰਧ ਵਿਚ ਉਸ ਨੇ ਕਾਰਵਾਈ ਦੀ ਮੰਗ ਕੀਤੀ ਸੀ।



## ਜੇਕਰ ਜੰਗ ਲੰਬੀ ਚੱਲੀ ਤਾਂ.. ! ਸੰਕਟ ਦੀ ਘੜੀ ’ਚ ਵਿਸ਼ੇਸ਼ ਰਾਹਤ ਪੈਕੇਜ ’ਤੇ ਵਿਚਾਰ ਕਰ ਰਹੀ ਸਰਕਾਰ

**ਨਵੀਂ ਦਿੱਲੀ, 29 ਮਾਰਚ (ਆਵਾਜ਼ਿ ਕੌਮ ਬਿਊਰੋ)**-ਇਰਾਨ, ਇਜ਼ਰਾਈਲ ਅਤੇ ਅਮਰੀਕਾ ਵਿਚਾਲੇ ਚੱਲ ਰਹੀ ਭਿਆਨਕ ਜੰਗ ਕਾਰਨ ਪੈਦਾ ਹੋਏ ਆਰਥਿਕ ਸੰਕਟ ਨੂੰ ਦੇਖਦੇ ਹੋਏ ਭਾਰਤ ਸਰਕਾਰ ਇੱਕ ਹੋਰ ਵੱਡੇ ਰਾਹਤ ਪੈਕੇਜ ’ਤੇ ਵਿਚਾਰ ਕਰ ਰਹੀ ਹੈ। ਜੇਕਰ ਇਹ ਜੰਗ ਲੰਬੀ ਖਿੱਚਦੀ ਹੈ, ਤਾਂ ਸਰਕਾਰ ਖ਼ਾਸ ਕਰਕੇ ਸੂਖਮ, ਲਘੂ ਅਤੇ ਦਰਮਿਆਨੇ ਉਦਯੋਗਾਂ ਅਤੇ ਸਮਾਜ ਦੇ ਕਮਜ਼ੋਰ ਵਰਗਾਂ ਲਈ ਵਿਸ਼ੇਸ਼ ਮਦਦ ਦਾ ਐਲਾਨ ਕਰ ਸਕਦੀ ਹੈ। ਸੂਤਰਾਂ ਅਨੁਸਾਰ, ਅੰਤਰਰਾਸ਼ਟਰੀ ਬਾਜ਼ਾਰ ਵਿੱਚ ਕੱਚੇ ਤੇਲ ਦੀਆਂ ਵਧਦੀਆਂ ਕੀਮਤਾਂ ਦਾ ਬੋਝ ਜਨਤਾ ’ਤੇ ਘਟਾਉਣ ਲਈ ਸਰਕਾਰ ਪਹਿਲਾਂ ਹੀ ਕਈ ਵੱਡੇ ਫੈਸਲੇ ਲੈ ਚੁੱਕੀ ਹੈ। ਸਰਕਾਰ ਨੇ ਪੈਟਰੋਲ ’ਤੇ ਐਕਸਾਈਜ਼ ਡਿਊਟੀ ਵਿੱਚ 10 ਰੁਪਏ ਪ੍ਰਤੀ ਲੀਟਰ ਦੀ ਕਟੌਤੀ ਕੀਤੀ ਹੈ, ਜਦਕਿ ਆਮ ਲੋਕਾਂ ਅਤੇ ਕਿਸਾਨਾਂ ਨੂੰ ਰਾਹਤ ਦੇਣ ਲਈ ਡੀਜ਼ਲ ਨੂੰ ਐਕਸਾਈਜ਼ ਡਿਊਟੀ ਤੋਂ ਪੂਰੀ ਤਰ੍ਹਾਂ ਮੁਕਤ ਕਰ ਦਿੱਤਾ ਗਿਆ ਹੈ। ਦੇਸ਼ ਦੇ ਅੰਦਰ ਤੇਲ ਦੀ ਸਪਲਾਈ ਨੂੰ ਯਕੀਨੀ ਬਣਾਉਣ ਲਈ ਡੀਜ਼ਲ ਅਤੇ ਹਵਾਈ ਈਂਧਨ ਦੇ ਨਿਰਯਾਤ ’ਤੇ ਮੁੜ ਟੈਕਸ ਲਗਾਇਆ ਗਿਆ ਹੈ। ਅਮਰੀਕਾ ਅਤੇ ਇਜ਼ਰਾਈਲ ਵੱਲੋਂ ਇਰਾਨ ’ਤੇ ਕੀਤੇ ਗਏ ਹਮਲਿਆਂ ਤੋਂ ਬਾਅਦ ਵਿਸ਼ਵ ਪੱਧਰ ’ਤੇ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਲਗਭਗ 50 ਫੀਸਦੀ ਦਾ ਵਾਧਾ ਹੋਇਆ ਹੈ। ਇਸ ਮਹੀਨੇ ਦੀ ਸ਼ੁਰੂਆਤ ਵਿੱਚ ਤੇਲ ਦੀ ਕੀਮਤ 119 ਡਾਲਰ ਪ੍ਰਤੀ ਬੈਰਲ ਤੱਕ ਪਹੁੰਚ ਗਈ ਸੀ, ਜੋ ਹੁਣ ਘਟ ਕੇ ਲਗਭਗ 100 ਡਾਲਰ ਪ੍ਰਤੀ ਬੈਰਲ ਦੇ ਆਸ-ਪਾਸ ਹੈ। ਮਾਹਿਰਾਂ ਅਨੁਸਾਰ ਮੌਜੂਦਾ ਹਾਲਾਤਾਂ ਵਿੱਚ ਸਭ ਤੋਂ ਵੱਧ ਪ੍ਰਭਾਵਿਤ ਕਾਰੋਬਾਰਾਂ ਅਤੇ ਪਰਿਵਾਰਾਂ ਨੂੰ ਤੁਰੰਤ ਰਾਹਤ ਦੇਣ ਦੀ ਲੋੜ ਹੈ। ਉਨ੍ਹਾਂ ਸੰਕੇਤ ਦਿੱਤਾ ਕਿ ਸਰਕਾਰ ਨੂੰ ਆਪਣੇ ਖਰਚਿਆਂ ਦੀ ਪਹਿਲ ਨਵੇਂ ਸਿਰੇ ਤੋਂ ਤੈਅ ਕਰਨੀ ਪਵੇਗੀ ਤਾਂ ਜੋ ਪ੍ਰਭਾਵਿਤ ਖੇਤਰਾਂ ਨੂੰ ਸਿੱਧੀ ਮਦਦ ਪਹੁੰਚਾਈ ਜਾ ਸਕੇ। ਪੱਛਮੀ ਏਸ਼ੀਆ ਸੰਕਟ ਕਾਰਨ ਭਾਰਤੀ ਨਿਰਯਾਤਕਾਂ ਨੂੰ ਵੀ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਰਕਾਰ ਨੇ ਉਨ੍ਹਾਂ ਨੂੰ ਆਪਣੀਆਂ ਵਿਦੇਸ਼ੀ ਵਚਨਬੱਧਤਾਵਾਂ ਪੂਰੀਆਂ ਕਰਨ ਲਈ ਕੁਝ ਵਿਸ਼ੇਸ਼ ਰਿਆਇਤਾਂ ਦਿੱਤੀਆਂ ਹਨ। ਭਾਰਤ ਸਰਕਾਰ ਦੀ ਇਹ ਤਿਆਰੀ ਦਰਸਾਉਂਦੀ ਹੈ ਕਿ ਦੇਸ਼ ਦੀ ਆਰਥਿਕਤਾ ਨੂੰ ਜੰਗ ਦੇ ਪ੍ਰਭਾਵਾਂ ਤੋਂ ਬਚਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ। ਜੇਕਰ ਤੇਲ ਦੀਆਂ ਕੀਮਤਾਂ ਹੋਰ ਵਧਦੀਆਂ ਹਨ, ਤਾਂ ਆਉਣ ਵਾਲੇ ਦਿਨਾਂ ਵਿੱਚ ਟੈਕਸਾਂ ਵਿੱਚ ਹੋਰ ਕਟੌਤੀ ਦੇਖਣ ਨੂੰ ਮਿਲ ਸਕਦੀ ਹੈ।

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ । ਵਾਹਿਗੁਰੂ ਜੀ ਕੀ ਫਤਿਹ ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)



# ਮਹਾਨ ਨਗਰ ਕੀਰਤਨ ਐਤਵਾਰ 29 ਮਾਰਚ ਨੂੰ

**ਨਗਰ ਕੀਰਤਨ ਦਾ ਸਮਾਂ : 12 ਵਜੇ ਅਰੰਭਤਾ ਅਤੇ 5 ਵਜੇ ਸਮਾਪਤੀ ਹੋਵੇਗੀ ।**
**ਹੋਲੇ ਮਹੱਲੇ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ ।**

ਸ਼ਨਿੱਚਰਵਾਰ 28 ਮਾਰਚ ਸ਼ਾਮ 5 ਤੋਂ 8 ਵਜੇ ਤੱਕ ਦੀਵਾਨ ਸੱਜਣਗੇ ।

ਐਤਵਾਰ 29 ਮਾਰਚ 2026 ਨੂੰ 6:30 ਵਜੇ ਸਵੇਰੇ ਚੌਪੈਹਿਰੇ ਸਾਹਿਬ ਦੇ ਪਾਠਾਂ ਦੀ ਆਰੰਭਤਾ ਹੋਵੇਗੀ ਸਮੇਤ ਸੁਖਮਨੀ ਸਾਹਿਬ ਦੇ 10:00 ਵਜੇ ਭੋਗ ਪੈਣਗੇ ।

ਢਾਡੀ ਜਥਾ, ਰਾਗੀ ਜਥਾ , ਕਥਾ ਵਾਚਕ ਕਥਾ ਰਾਹੀਂ ਗੁਰਬਾਣੀ ਗੁਰ ਇਤਿਹਾਸ ਸਿੱਖ ਇਤਿਹਾਸ ਨਾਲ ਸਿੱਖ ਸੰਗਤਾਂ ਨੂੰ ਜੋੜਨਾ ਕਰਨਗੇ ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ ।

ਤਰਾਂ-ਤਰਾਂ ਸਟਾਲ ਵੀ ਲੱਗਣਗੇ ☛ ਗੁਰੂ ਕਾ ਲੰਗਰ ਅਤੁੱਟ ਵਰਤੇਗਾ ।

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ ।

★ ਗੁਰੂ ਪੰਥ ਦੇ ਦਾਸਰੇ ★

**ਸਾਧ ਸੰਗਤ, ਪ੍ਰਬੰਧਕ ਕਮੇਟੀ**
**ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ**
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-
ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778
ਭਾਈ ਬਲਰਾਮ ਸਿੰਘ +393885751594
ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

ਸ਼ੇਅਰ ਜ਼ਰੂਰੀ ਕਰਨਾ ਜੀ
☛ ਸਿੱਖ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ । ਆਪਣਾ ਕੀਮਤੀ ਸਮਾਂ ਕੱਢਕੇ ਇੰਨਾਂ ਸਮਾਗਮਾਂ ਵਿਚ ਪਹੁੰਚਣ ਦੀ ਕ੍ਰਿਪਾਲਤਾ ਕਰੋ ਜੀ ।


**Gurdwara Sahib Shaeed Baba Deep Singh ji Damdami Taksaal**
Via Giacomo Matteotti 3Cap
26020Casalmorano Cremona (IT)
E-mail : gur.damdamitaksaalitaly@gmail.com
Call+393475711755 / 3208124778

ੴ ਸਤਿਗੁਰ ਪ੍ਰਸਾਦਿ

ਗੁਰਮੁਖਿ ਜਨਮ ਸਵਾਰ ਦਰਗਹਿ ਚਲਿਆ। ਸਚੀ ਦਰਗਹ ਜਾਇ ਸਚਾ ਪਿੜ ਮਲਿਆ॥

# ਪਹਿਲੀ ਬਰਸੀ ਦਾ ਸਮਾਗਮ

# First Barsi (First Anniversary Memorial Service)



## ਸਵ. ਬੀਬੀ ਹਰਪ੍ਰੀਤ ਕੌਰ ਬੱਲ

## Sardani Harpreet Kaur Bal

ਪੰਥਕ ਹਲਕਿਆਂ ਵਿੱਚ ਜਾਣੀ-ਪਹਿਚਾਣੀ ਸ਼ਖਸ਼ੀਅਤ ਅਤੇ Sikh Federation (UK) ਦੇ ਪ੍ਰਧਾਨ ਭਾਈ ਪਰਮਿੰਦਰ ਸਿੰਘ ਬਲ ਜੀ ਦੀ ਸਿੰਘਣੀ ਬੀਬੀ ਹਰਪ੍ਰੀਤ ਕੌਰ ਬੱਲ ਜੀ, ਜੋ ਪਿਛਲੇ ਸਾਲ ਸਦੀਵੀ ਵਿਛੋੜਾ ਦੇ ਗਏ ਸਨ, ਉਹਨਾਂ ਦੀ ਪਵਿੱਤਰ ਯਾਦ ਵਿੱਚ ਪਹਿਲੀ ਬਰਸੀ ਦਾ ਸਮਾਗਮ ਮਨਾਇਆ ਜਾ ਰਿਹਾ ਹੈ।

ਤਾਰੀਖ: 5 ਅਪ੍ਰੈਲ 2026 (ਦਿਨ ਐਤਵਾਰ)

ਸਮਾਂ: ਦੁਪਹਿਰ 12:00 ਵਜੇ ਤੋਂ 2:00 ਵਜੇ ਤੱਕ

ਸਥਾਨ: Gurdwara Sri Guru Singh Sabha, Park Avenue, Southall.
(ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਪਾਰਕ ਐਵਨਿਊ, ਸਾਊਥਾਲ)

- ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ
- ਗੁਰਬਾਣੀ ਕੀਰਤਨ
- ਅਰਦਾਸ
- ਸਮਾਗਮ ਉਪਰੰਤ ਗੁਰੂ ਕੇ ਲੰਗਰ ਅਤੁੱਟ ਵਰਤਣਗੇ

ਆਪ ਜੀ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਪਰਿਵਾਰ ਸਮੇਤ ਹਾਜ਼ਰੀ ਭਰ ਕੇ ਬੀਬੀ ਹਰਪ੍ਰੀਤ ਕੌਰ ਜੀ ਦੀ ਪਵਿੱਤਰ ਯਾਦ ਵਿੱਚ ਹੋ ਰਹੇ ਅਰਦਾਸ ਸਮਾਗਮ ਵਿੱਚ ਸ਼ਾਮਲ ਹੋ ਕੇ ਅਸੀਸਾਂ ਦੇ ਭਾਗੀ ਬਣੋ ਜੀ।

ਬੇਨਤੀ ਕਰਤਾ:
ਹਰਮੀਤ ਸਿੰਘ ਬੱਲ, ਜਗਜੀਤ ਕੌਰ ਬੱਲ, ਭਵਨਪ੍ਰੀਤ ਕੌਰ ਸੰਧੂ

By the Grace of the True Guru
First Barsi (First Anniversary Memorial Service)
In loving memory of our beloved mother
Sardani Harpreet Kaur Bal
We humbly invite you to join us for a memorial service in her cherished memory.

**Sunday, 5th April 2026, 12:00 noon – 2:00 pm**

Programme:
* Sri Sukhmani Sahib Path, * Gurbani Kirtan * Ardas
* Followed by Guru Ka Langar

Venue : Gurdwara Sri Guru Singh Sabha, Park Avenue, Southall, Middlesex

Your presence with family and friends will be deeply appreciated as we gather to remember and honour her life.

**With humble request from:**
Harmeet Singh Bal, Jagjeet Kaur Bal, Bhavanpreet Kaur Sandhu

**Contact: +44 7771 608363**


Vehicle360
Professional Car Repairs & Servicing
West Bromwich
CAR SERVICES – ALL MAKES & MODELS
FREE VEHICLE HEALTH CHECK
Full & Interim Servicing
Diagnostics & Fault Finding
Clutches & Gearboxes
Timing Chains & Cambelts
DPF & Engine Repairs
Brakes, Suspension & Exhausts
Experienced mechanics
(7–10 years)
Honest advice & fair pricing
Quality / OEM parts used
CALL NOW: 0121 269 9586
12 Ridgacre Rd, West Bromwich, B71 1DB
Your local trusted garage
ਆਵਾਜ਼ਿ ਕੌਮ
AWAZE QAUM
International Newspaper & WEB TV

## ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear
death of conscience is a sure death

Sant Jarnail Singh Ji Khalsa Bhindranwale
www.damdamitaksal.net






ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
WAHEGURU JI KA KHALSA WAHEGURU JI KI FATEH

ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke Guru Wale Bano

ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia

ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and Dhadi Waran

ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi

ਗਤਕਾ ਸਿੱਖੋ Learn Gatka
www.damdamitaksal.net



ਆਵਾਜ਼ਿ ਕੌਮ
Daily Newspaper from U.K.

Publisher/Chief Editor
**Raghbir Singh Walsal**
E-mail : awazeqaumtv@gmail.com

www.awazeqaumtv.com

for AWAZE QAUM Channel

https://youtu.be/LQwolgxDu7I
Contact :
+447458381111
+447976210161
+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk


**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ


ਦੇਗ ਤੇਗ ਫ਼ਤਿਹ – ਪੰਥ ਕੀ ਜੀਤ

ਹਮ ਰਾਖਤ ਪਾਤਿਸ਼ਾਹੀ ਦਾਵਾ ॥ ਜਾਂ ਇਤ ਕੋ ਜਾਂ ਅਗਲੋ ਪਾਵਾ ॥

ਧੰਨ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਤੇ ਮਾਤਾ ਸਾਹਿਬ ਕੌਰ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ



ਧੰਨ-ਧੰਨ ਮਾਤਾ ਸਾਹਿਬ ਕੌਰ ਜੀ

# ਗੁਰਮਤਿ ਸਮਾਗਮ

1 ਨਵੰਬਰ 2026, ਦਿਨ ਐਤਵਾਰ ਨੂੰ
ਬੱਬਰਾਂ ਦੇ ਹਾਈ ਕੋਰਟ ਗੁਰਦੁਆਰਾ ਸ਼ਹੀਦਾਂ, ਜੱਸੋਵਾਲ ਵਿਖੇ
ਬੜੀ ਸ਼ਰਧਾ ਨਾਲ ਕਰਵਾਇਆ ਜਾ ਰਿਹਾ ਹੈ।



ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ

ਲੜੀ ਅਰੰਭ ਸ੍ਰੀ ਅਖੰਡ ਪਾਠ ਸਾਹਿਬ -20 ਅਕਤੂਬਰ, ਮੰਗਲਵਾਰ, ਸਵੇਰੇ 10 ਵਜੇ
ਲੜੀ ਭੋਗ ਸ੍ਰੀ ਅਖੰਡ ਪਾਠ ਸਾਹਿਬ -1 ਨਵੰਬਰ, ਐਤਵਾਰ, ਸਵੇਰੇ 9 ਵਜੇ



ਜੋੜ ਮੇਲੇ ਵਿੱਚ ਸਿੰਘ ਸਾਹਿਬਾਨ, ਦਮਦਮੀ ਟਕਸਾਲ, ਸੰਤ ਮਹਾਂਪੁਰਸ਼, ਸੰਪਰਦਾਵਾਂ ਦੇ ਮੁਖੀ, ਨਿਹੰਗ ਸਿੰਘ ਜਥੇਬੰਦੀਆਂ, ਸ਼੍ਰੋਮਣੀ ਕਮੇਟੀ ਮੈਂਬਰ, ਨਿਰਮਲੇ, ਉਦਾਸੀ, ਧਾਰਮਿਕ, ਕਿਸਾਨ ਆਗੂ, ਹਰ ਪਾਰਟੀ ਦੇ ਸਿਆਸੀ ਲੀਡਰ, ਇੰਟਰਨੈਸ਼ਨਲ ਪੰਥਕ ਦਲ ਯੂ.ਕੇ. ਅਤੇ ਭਾਰਤ ਦੇ ਸਮੂਹ ਅਹੁਦੇਦਾਰ ਅਤੇ ਨਾਮਵਰ ਰਾਗੀ-ਢਾਡੀ-ਕਵੀਸ਼ਰ ਜਥੇ ਪਹੁੰਚ ਰਹੇ ਹਨ।

**ਨੋਟ : ਇਹ ਸਮਾਗਮ 13 ਦਿਨ ਚੱਲੇਗਾ**

ਸਮੂਹ ਸੰਗਤ ਨੂੰ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ। ਗੁਰੂ ਦੇ ਲੰਗਰ ਅਤੇ ਚਾਹ ਪਕੌੜਿਆਂ ਦੇ ਲੰਗਰ ਅਤੁੱਟ ਵਰਤਣਗੇ।

ਬੇਨਤੀ ਕਰਤਾ
**ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ 98141-27470**
ਜਥੇਦਾਰਨੀ ਬੀਬੀ ਸੁਰਿੰਦਰ ਕੌਰ 73408-35137
ਦਮਦਮੀ ਟਕਸਾਲ ਵਾਲੇ ਅੰਤਰਰਾਸ਼ਟਰੀ ਮੁੱਖ ਬੁਲਾਰਾ ਇੰਟਰਨੈਸ਼ਨਲ ਪੰਥਕ ਦੱਲ
ਜਾਰੀ ਕਰਤਾ : ਭਾਈ ਜਰਨੈਲ ਸਿੰਘ ਵਿੱਲੋਂ, ਬੀਬੀ ਅਰਸ਼ਪ੍ਰੀਤ ਕੌਰ 84278-66404, ਜ: ਹਰਜੋਤ ਸਿੰਘ ਢਿੱਲੋਂ, ਜ: ਮਹਿਤਾਬ ਸਿੰਘ ਢਿੱਲੋਂ

ਸੰਪਰਕ ਨੰਬਰ 84278-66404

ਅੱਜ 30 ਮਾਰਚ ਨੂੰ ਸ਼ਹੀਦੀ ਦਿਨ 'ਤੇ ਵਿਸ਼ੇਸ਼

# ਜਦੋਂ .ਗਦਰੀ ਬਾਬਾ ਬਲਵੰਤ ਸਿੰਘ ਖੁਰਦਪੁਰ ਨੂੰ ਫਾਂਸੀ ਦਿੱਤੀ ਗਈ



**ਦੂਜੇ** ਲਾਹੌਰ ਸਾਜਿਸ਼ ਕੇਸ ਵਿੱਚ ਲਾਹੌਰ ਜੇਲ੍ਹ ਵਿੱਚ ਫਾਂਸੀ ਦਾ ਰੱਸਾ ਚੁੰਮਣ ਵਾਲਾ ਮਹਾਨ ਸ਼ਹੀਦ ਭਾਈ ਬਲਵੰਤ ਸਿੰਘ ਕੈਨੇਡੀਅਨ (ਖੁਰਦਪੁਰ) ਅਜਿਹਾ ਸੂਰਬੀਰ ਯੋਧਾ ਸੀ, ਜਿਸ ਨੇ ਭਰ ਜਵਾਨੀ ਵਿੱਚ ਸ਼ਹਾਦਤ ਦਾ ਜਾਮ ਪੀਤਾ । ਭਾਈ ਬਲਵੰਤ ਸਿੰਘ ਦਾ ਜਨਮ ਜਲੰਧਰ ਜ਼ਿਲ੍ਹੇ ਦੇ ਉੱਘੇ ਪਿੰਡ ਖੁਰਦਪੁਰ (ਜਲੰਧਰ–ਹੁਸ਼ਿਆਰਪੁਰ ਰੋਡ 'ਤੇ ਸਥਿਤ) ਵਿਖੇ ਸ। ਬੁੱਧ ਸਿੰਘ ਦੇ ਗ੍ਰਹਿ ਵਿਖੇ 14 ਸਤੰਬਰ, 1882 ਨੂੰ ਹੋਇਆ । ਖੁਰਦਪੁਰ ਦੇ ਨਜ਼ਦੀਕੀ ਕਸਬੇ ਆਦਮਪੁਰ ਦੇ ਮਿਡਲ ਸਕੂਲ ਵਿੱਚ ਮੁੱਢਲੀ ਸਿੱਖਿਆ ਪ੍ਰਾਪਤੀ ਲਈ ਦਾਖਲਾ ਲਿਆ । ਪਰ ਉਸ ਸਮੇਂ ਸਮਾਜ ਵਿੱਚ ਬਾਲ–ਵਿਆਹ ਦੀ ਰਸਮ ਪ੍ਰਚੱਲਤ ਸੀ, ਪਰਿਵਾਰ ਵੱਲੋਂ ਇਨ੍ਹਾਂ ਦੀ ਸ਼ਾਦੀ ਬਚਪਨ ਵਿੱਚ ਹੀ ਕਰ ਦਿੱਤੀ ਗਈ । ਵਿਆਹ ਉਪਰੰਤ ਪੜ੍ਹਾਈ ਵਿੱਚ–ਵਿਚਾਲੇ ਹੀ ਛੱਡ ਦਿੱਤੀ ਗਈ । ਭਰ ਜਵਾਨੀ ਵਿੱਚ ਪੈਰ ਧਰਦਿਆਂ ਉਸ ਸਮੇਂ ਦੀ ਅੰਗ੍ਰੇਜ਼ ਹਕੂਮਤ ਦੀ ਭਾਰਤੀ ਫੌਜ ਵਿੱਚ ਭਰਤੀ ਹੋ ਗਏ । ਜਦੋਂ ਭਾਈ ਬਲਵੰਤ ਸਿੰਘ ਦੀ ਪਲਟਨ ਮਰਦਾਨ (ਪਾਕਿਸਤਾਨ) ਵਿੱਚ ਸੀ ਤਾਂ ਇਨ੍ਹਾਂ ਦੀ ਸ਼ਖ਼ਸੀਅਤ ਉੱਤੇ ਪੰਜਾਬ ਦੀ ਪ੍ਰਸਿੱਧ ਧਾਰਮਿਕ ਹਸਤੀ ਬਾਬਾ ਕਰਮ ਸਿੰਘ ਹੋਤੀ ਮਰਦਾਨ ਦੀ ਸੰਗਤ ਦਾ ਅਜਿਹਾ ਅਸਰ ਹੋਇਆ ਕਿ ਆਪ ਜੀ ਦਾ ਨਿਸ਼ਚਾ ਤੇ ਵਿਸ਼ਵਾਸ ਸਿੱਖ ਧਰਮ ਵਿੱਚ ਦ੍ਰਿੜ੍ਹ ਹੋ ਗਿਆ । ਅੰਗ੍ਰੇਜ਼ ਹਕੂਮਤ ਦੀ ਗੁਲਾਮੀ ਦਾ ਅਹਿਸਾਸ ਵੀ ਹੋ ਗਿਆ । 23 ਸਾਲ ਦੀ ਉਮਰ ਵਿੱਚ ਫੌਜ ਦੀ ਨੌਕਰੀ ਛੱਡ ਕੇ ਛੇਤੀ ਹੀ 1906 ਵਿੱਚ ਕੈਨੇਡਾ ਚਲੇ ਗਏ । ਉਥੇ ਜਾ ਕੇ ਵੈਨਕੂਵਰ ਵਿੱਚ ਪਹਿਲਾ ਗੁਰਦੁਆਰਾ ਸਾਹਿਬ ਬਨਾਉਣ ਵਿੱਚ ਭਰਪੂਰ ਯੋਗਦਾਨ ਪਾਇਆ । ਕੈਨੇਡਾ ਦੇ ਇਸ ਸ਼ਹਿਰ ਦੀ ਸਿੱਖ ਸੰਗਤ ਨੇ ਇਨ੍ਹਾਂ ਨੂੰ ਸਿੱਖ ਸਿਧਾਂਤਾਂ ਵਿੱਚ ਪ੍ਰਪੱਕ ਵੇਖਦਿਆਂ ਗੁਰੂ ਘਰ ਦਾ ਗ੍ਰੰਥੀ ਨਿਯੁੱਕਤ ਕਰ ਦਿੱਤਾ । ਇਸੇ ਕਰਕੇ ਭਾਈ ਸ਼ਬਦ ਆਪ ਜੀ ਦੇ ਨਾਂਅ ਨਾਲ ਪੱਕੇ ਤੌਰ 'ਤੇ ਜੁੜ ਗਿਆ ।ਕੈਨੇਡਾ ਸਰਕਾਰ ਨੇ 1908 ਈ: ਵਿੱਚ ਫੈਸਲਾ ਕੀਤਾ ਕਿ ਬ੍ਰਿਟਿਸ਼ ਕੋਲੰਬੀਆ (ਬੀ।ਸੀ।) ਵਿੱਚ ਰਹਿਣ ਵਾਲੇ ਹਿੰਦੁਸਤਾਨੀਆਂ ਨੂੰ ਅਮਰੀਕਾ ਦੀ ਹੌਂਡਰਸ ਕਾਲੋਨੀ ਵਿੱਚ ਅਬਾਦ ਕੀਤਾ ਜਾਵੇ । ਪਰ ਭਾਈ ਬਲਵੰਤ ਸਿੰਘ ਨੇ ਆਪਣੇ ਸਾਥੀਆਂ ਸਮੇਤ ਇਸ ਸਰਕਾਰੀ ਨੀਤੀ ਦੀ ਵਿਰੋਧਤਾ ਕੀਤੀ । 1909 ਈ: ਵਿੱਚ ਹਿੰਦੁਸਤਾਨ ਐਸੋਸੀਏਸ਼ਨ ਦੀ ਸਥਾਪਨਾ ਕੀਤੀ ਗਈ । ਇਸ ਐਸੋਸੀਏਸ਼ਨ ਦੇ ਸਾਰੇ ਪ੍ਰਵਾਸੀ ਭਾਰਤੀਆਂ ਨੇ ਕੈਨੇਡਾ ਨਾ ਆਉਣ ਦੀਆਂ ਬੰਦਿਸ਼ਾਂ ਵਿਰੁੱਧ ਅਵਾਜ਼ ਉਠਾਈ । ਭਾਈ ਬਲਵੰਤ ਸਿੰਘ ਕੈਨੇਡੀਅਨ ਅਤੇ ਉਨ੍ਹਾਂ ਦੇ ਸਾਥੀ ਸਾਰੇ ਪ੍ਰਵਾਸੀ ਭਾਰਤੀਆਂ ਨੂੰ ਗੁਲਾਮੀ ਦਾ ਅਹਿਸਾਸ ਕਰਵਾਉਣਾ ਅੰਗ੍ਰੇਜ਼ ਹਕੂਮਤ ਦਾ ਸਿਆਸੀ ਪੈਂਤੜਾ ਹੀ ਸੀ । 1911 ਈ: ਵਿੱਚ ਬਾਬਾ ਬਲਵੰਤ ਸਿੰਘ ਆਪਣੇ ਸਾਥੀ ਭਾਈ ਭਾਗ ਸਿੰਘ ਭਿੱਖੀਵਿੰਡ ਨਾਲ ਵਾਪਸ ਹਿੰਦੁਸਤਾਨ ਅਨੇਕਾਂ ਔਕੜਾਂ ਤੇ ਮੁਸੀਬਤਾਂ ਦਾ ਸਾਹਮਣਾ ਕਰ ਕੇ ਪੁੱਜੇ । ਪਰ ਇਨ੍ਹਾਂ ਮੁਸੀਬਤਾਂ ਤੇ ਕਠਿਨਾਈਆਂ ਦੇ ਬਾਵਜੂਦ 1912 ਈ: ਵਿੱਚ ਆਪਣੇ ਪਰਿਵਾਰ ਸਮੇਤ ਜਨਵਰੀ 1912 ਵਿੱਚ ਵੈਨਕੂਵਰ ਪਹੁੰਚਣ ਵਿੱਚ ਸਫ਼ਲ ਹੋ ਗਏ।

-ਭਗਵਾਨ ਸਿੰਘ ਜੌਹਲ
bhagwansinghjohal@gmail.com
ਮੋਬਾਈਲ :
98143-24040



22 ਫ਼ਰਵਰੀ, 1913 ਈ: ਖ਼ਾਲਸਾ ਦੀਵਾਨ ਸੁਸਾਇਟੀ ਅਤੇ ਯੂਨਾਈਟਡ ਇੰਡੀਆ ਲੀਗ ਦੀ ਸਾਂਝੀ ਇਕੱਤਰਤਾ ਵਿੱਚ ਇਹ ਫੈਸਲਾ ਸਰਬ ਸੰਮਤੀ ਨਾਲ ਕੀਤਾ ਗਿਆ ਕਿ ਇੰਗਲੈਂਡ ਅਤੇ ਹਿੰਦੁਸਤਾਨ ਦੋਵਾਂ ਦੇਸ਼ਾਂ ਵਿੱਚ ਜਾ ਕੇ ਬ੍ਰਿਟਿਸ਼ ਸਰਕਾਰ ਨੂੰ ਆਪਣੀਆਂ ਮੁਸ਼ਕਲਾਂ ਨੂੰ ਦੂਰ ਕਰਨ ਲਈ ਮੰਗ ਪੱਤਰ ਦਿੱਤਾ ਜਾਵੇ । ਇਸ ਕਾਰਜ ਲਈ ਭਾਈ ਬਲਵੰਤ ਸਿੰਘ, ਭਾਈ ਨੰਦ ਸਿੰਘ ਤੇ ਭਾਈ ਨਰਾਇਣ ਸਿੰਘ 'ਤੇ ਆਧਾਰਿਤ ਇਕ ਪ੍ਰਤੀਨਿੱਧ ਮੰਡਲ ਦੋਵਾਂ ਦੇਸ਼ਾਂ ਵਿੱਚ ਭੇਜਣ ਲਈ ਸਮਾਂ ਨਿਸ਼ਚਿਤ ਕੀਤਾ ਗਿਆ । ਪਰ ਦੋਵਾਂ ਦੇਸ਼ਾਂ ਵਿੱਚ ਅੰਗ੍ਰੇਜ਼ ਸਰਕਾਰ ਨੇ ਕੋਈ ਸਹਿਯੋਗ ਨਾ ਦਿੱਤਾ । ਕੈਨੇਡਾ ਪਰਤਣ ਸਮੇਂ ਭਾਈ ਬਲਵੰਤ ਸਿੰਘ ਦਾ ਮਿਲਾਪ ਮੁਸੀਬਤਾਂ ਦਾ ਟਾਕਰਾ ਕਰ ਰਹੇ ਕਾਮਾਗਾਟਾਮਾਰੂ ਜਹਾਜ਼ ਵਾਲੇ ਬਾਬਾ ਗੁਰਦਿੱਤ ਸਿੰਘ ਸਰਹਾਲੀ ਨਾਲ ਹੋਇਆ । ਭਾਈ ਬਲਵੰਤ ਸਿੰਘ ਨੇ ਕੈਨੇਡਾ ਦੇ ਪ੍ਰਵਾਸੀ ਭਾਰਤੀਆਂ ਖਾਸ ਕਰਕੇ ਸਿੱਖਾਂ ਵੱਲੋਂ ਬਾਬਾ ਗੁਰਦਿੱਤ ਸਿੰਘ ਨੂੰ ਹਰ ਸਮੇਂ ਹਰ ਹਾਲਾਤ ਵਿੱਚ ਸਹਿਯੋਗ ਦੇਣ ਦਾ ਵਾਅਦਾ ਕੀਤਾ । ਕਾਮਾਗਾਟਾਮਾਰੂ ਜਹਾਜ਼ ਦੇ ਮੁਸਾਫਿਰਾਂ ਨੂੰ ਕੈਨੇਡਾ ਵਿੱਚ ਦਾਖਲ ਨਾ ਹੋਣ ਦੇ ਵਿਰੋਧ ਵਿੱਚ ਸਾਰੇ ਪ੍ਰਵਾਸੀ ਭਾਰਤੀਆਂ ਵਿੱਚ ਅਤਿ ਦਾ ਗੁੱਸਾ ਸੀ । ਇਨ੍ਹਾਂ ਸਾਰੇ ਪ੍ਰਵਾਸੀਆਂ ਨੇ .ਗਦਰ ਪਾਰਟੀ ਨਾਲ ਸੰਪਰਕ ਬਣਾਇਆ । ਪਰ ਅੰਗ੍ਰੇਜ਼ ਹਕੂਮਤ ਦਾ ਵਤੀਰਾ ਹੋਰ ਵੀ ਸਖ਼ਤ ਹੋ ਗਿਆ । ਕੈਨੇਡੀਅਨ ਹਕੂਮਤ ਦੇ ਇੰਮੀਗ੍ਰੇਸ਼ਨ ਇੰਸਪੈਕਟਰ ਵਿਲੀਅਮ ਹਾਪਨਿਕਸ ਨੇ 5 ਸਤੰਬਰ, 1914 ਈ: ਨੂੰ ਵੈਨਕੂਵਰ ਦੇ ਗੁਰਦੁਆਰਾ ਕੰਪਲੈਕਸ ਵਿੱਚ ਦੋ ਨੌਜਵਾਨਾਂ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ । ਇਨ੍ਹਾਂ ਸ਼ਹਾਦਤਾਂ ਦੇ ਰੋਸ ਵਜੋਂ 21 ਅਕਤੂਬਰ 1914 ਈ: ਨੂੰ ਪ੍ਰਵਾਸੀ ਭਾਰਤੀ ਭਾਈ ਸੇਵਾ ਸਿੰਘ ਨੇ ਸ਼ਹਿਰ ਦੀ ਕਚਹਿਰੀ ਵਿੱਚ ਹੀ ਵਿਲੀਅਮ ਹਾਪਨਿਕਸ ਨੂੰ ਗੋਲੀਆਂ ਨਾਲ ਉਡਾ ਦਿੱਤਾ । ਇਸ ਕਤਲ ਦੀ ਸਾਜਿਸ਼ ਵਿੱਚ ਅਤੇ ਸ਼ੱਕ 'ਤੇ ਆਧਾਰਿਤ ਭਾਈ ਬਲਵੰਤ ਸਿੰਘ ਖੁਰਦਪੁਰ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ । ਪਰ ਕੋਈ ਗਵਾਹੀ ਨਾ ਮਿਲਣ ਕਰਕੇ ਛੱਡਣਾ ਪਿਆ । ਇਸ ਤੋਂ ਪਿੱਛੋਂ ਭਾਈ ਬਲਵੰਤ ਸਿੰਘ ਨੂੰ ਕੈਨੇਡਾ ਵਿੱਚੋਂ ਕੱਢ ਦਿੱਤਾ ਗਿਆ ।

ਕੈਨੇਡਾ ਤੋਂ ਵਾਪਸੀ ਸਮੇਂ ਭਾਈ ਬਲਵੰਤ ਸਿੰਘ ਸ਼ਿੰਘਾਈ ਪੁੱਜੇ ਅਤੇ ਪੂਰੇ ਹਿੰਦੁਸਤਾਨ ਦੇ ਲੋਕਾਂ ਦੀਆਂ ਔਕੜਾਂ ਨੂੰ ਦੇਖਦਿਆਂ .ਗਦਰ ਲਹਿਰ ਦੇ ਹੱਕ ਵਿੱਚ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ । ਭਾਈ ਬਲਵੰਤ ਸਿੰਘ 1915 ਈ: ਵਿੱਚ ਥਾਈਲੈਂਡ ਗਏ । ਇਥੇ ਹੀ ਅਮਰੀਕਾ ਤੋਂ ਇਥੇ ਪੁੱਜੇ, ਸਾਰੇ .ਗਦਰੀ ਬਾਬਿਆਂ ਨੂੰ ਮਿਲੇ । ਇਹ ਸਾਰੇ .ਗਦਰੀ ਬਾਬੇ ਬਰਮਾ ਵਿਖੇ ਅੰਗ੍ਰੇਜ਼ਾਂ ਦੇ ਵਿਰੋਧ ਵਿੱਚ ਬ.ਗਾਵਤ ਖੜ੍ਹੀ ਕਰਨਾ ਚਾਹੁੰਦੇ ਸਨ । ਇਥੇ ਪੁੱਜ ਕੇ ਭਾਈ ਬਲਵੰਤ ਸਿੰਘ ਕੈਨੇਡੀਅਨ ਸਖ਼ਤ ਬਿਮਾਰ ਹੋ ਗਏ । ਜਦੋਂ ਹਸਪਤਾਲ ਪੁੱਜੇ ਤਾਂ ਇਥੋਂ ਇਨ੍ਹਾਂ ਨੂੰ ਬਿਮਾਰੀ ਦੀ ਹਾਲਤ ਵਿੱਚ ਹੀ ਗ੍ਰਿਫ਼ਤਾਰ ਕਰ ਲਿਆ ਗਿਆ । ਬਿਮਾਰੀ ਦੌਰਾਨ ਹੀ ਹਿੰਦੁਸਤਾਨ ਭੇਜ ਦਿੱਤਾ ਗਿਆ ।ਹਿੰਦੁਸਤਾਨ ਪਹੁੰਚ ਕੇ ਭਾਈ ਬਵਲੰਤ ਸਿੰਘ ਵਰਗੇ ਸੂਰਬੀਰ ਤੇ ਅਣਖੀ ਯੋਧੇ 'ਤੇ ਦੂਜੇ ਲਾਹੌਰ ਸਾਜਿਸ਼ ਕੇਸ ਅਧੀਨ ਮੁਕੱਦਮਾ ਚਲਾਇਆ ਗਿਆ । ਅੰਤ 30 ਮਾਰਚ, 1917 ਈ: ਵਿੱਚ ਇਸ ਅਣਖੀਲੇ ਨੌਜਵਾਨ ਨੂੰ ਲਾਹੌਰ ਜੇਲ੍ਹ ਵਿੱਚ ਫਾਂਸੀ ਦੇ ਫੰਦੇ 'ਤੇ ਲਟਕਾਇਆ ਗਿਆ । ਪੰਜਾਬ ਦੀ ਜਰਖੇਜ਼ ਧਰਤੀ ਦਾ ਜੰਮਿਆ ਜਾਇਆ ਭਾਈ ਬਲਵੰਤ ਸਿੰਘ ਖੁਰਦਪੁਰ (ਕੈਨੇਡੀਅਨ) 35 ਕੁ ਸਾਲ ਦੀ ਭਰ ਜਵਾਨੀ ਵਿੱਚ ਹਿੰਦੁਸਤਾਨ ਦੇ ਗਲੋਂ ਗੁਲਾਮੀ ਦੇ ਤੌਕ ਨੂੰ ਲਾਹੁਣ ਲਈ ਸ਼ਹਾਦਤ ਦਾ ਜਾਮ ਪੀ ਗਿਆ । ਅੱਜ ਕੇਵਲ ਉਨ੍ਹਾਂ ਦੀ ਯਾਦ ਹੀ ਬਾਕੀ ਹੈ।

# ਵਿਸ਼ਾਲ ਸ਼ੋਭਾ ਯਾਤਰਾ ਦੌਰਾਨ ਫੁੱਲਾਂ ਦੀ ਹੋਈ ਵਰਖਾ

**ਧੂਰੀ ( ਰਣਜੀਤ ਸਿੰਘ ਪੇਧਨੀ )**-ਦੇਸ਼ ਭਰ ਵਿਚ ਰਾਮ ਨੋਮੀ ਦਾ ਪਵਿੱਤਰ ਤਿਉਹਾਰ ਬੜੇ ਹੀ ਧੂਮਧਾਮ ਅਤੇ ਸ਼ਰਧਾ ਪੂਰਵਕ ਮਨਾਇਆ ਗਿਆ। ਚੇਤ ਨਰਾਤਿਆਂ ਦੇ ਸ਼ੁਕਲ ਪੱਖ ਦੀ ਨੌਵੀਂ ਨੂੰ ਭਗਵਾਨ ਰਾਮ ਦਾ ਜਨਮ ਹੋਇਆ ਸੀ ਅਤੇ ਇਸੇ ਦਿਨ ਹਿੰਦੂ ਸਮਾਜ ਰਾਮਨੌਮੀ ਦਾ ਤਿਓਂਹਾਰ ਮਨਾਉਂਦਾ ਹੈ। ਧਰਮ ਸਾਸਤਰਾਂ ਦੇ ਮੁਤਾਬਕ ਭਗਵਾਨ ਸ੍ਰੀ ਰਾਮ ਜੀ ਭਗਵਾਨ ਵਿਸ਼ਨੂੰ ਜੀ ਦੇ ਸੱਤਵੇਂ ਅਵਤਾਰ ਸਨ। ਰਾਮ ਨੌਂਵੀਂ ਦੇ ਮੌਕੇ ਤੇ ਸ੍ਰੀ ਰਾਮ ਭਗਤ ਪਰਿਵਾਰ ਅਤੇ ਸ੍ਰੀ ਬਾਲਾ ਜੀ ਸ਼੍ਰੀ ਖਾਟੂ ਸ਼ਿਆਮ ਸੇਵਾ ਸੰਮਤੀ ਵੱਲੋ ਸ਼ਹਿਰ ਚ ਇਕ ਵਿਸ਼ਾਲ ਸ਼ੋਭਾ ਯਾਤਰਾ ਸਜਾਈ ਗਈ। ਇਹ ਸ਼ੋਭਾ ਯਾਤਰਾ ਸਨਾਤਨ ਧਰਮ ਆਸ਼ਰਮ ਤੇ ਸੂਰੁ ਹੋਕੇ ਸ਼ਹਿਰ ਦੇ ਵੱਖ–ਵੱਖ ਬਾਜ਼ਾਰਾ ਵਿੱਚੋ ਦੀ ਹੁੰਦੀ ਹੋਈ ਸਨਾਤਨ ਧਰਮ ਆਸ਼ਰਮ ਵਿਚ ਸਮਾਪਤ ਹੋਈ। ਇਸ ਸ਼ੋਭਾ ਯਾਤਰਾ ਵਿਚ ਜੈ ਸ੍ਰੀ ਰਾਮ ਦੇ ਜੈਕਾਰਿਆ ਨਾਲ ਸ਼ਹਿਰ ਰਾਮ ਨਗਰੀ ਵਿਚ ਬਦਲਿਆ ਨਜ਼ਰ ਆ ਰਿਹਾ ਸੀ। ਇਸ ਸ਼ੋਭਾ ਯਾਤਰਾ ਵਿੱਚ 1100 ਦੇ ਕਰੀਬ ਰਾਮ ਭਗਤ ਰਾਮ ਨਾਮ ਦੇ ਝੰਡੇ ਲੈਕੇ ਸ਼ਾਮਲ ਹੋਏ। ਇਸ ਸ਼ੋਭਾ ਯਾਤਰਾ ਵਿੱਚ ਸਾਰੇ ਸ਼ਹਿਰ ਵਾਸੀਆ ਨੇ ਵੱਧ ਚੜ੍ਹ ਕੇ ਹਿੱਸਾ ਲਿਆ ਅਤੇ ਸ਼ੋਭਾ ਯਾਤਰਾ ਤੇ ਫੁਲਾ ਦੀ ਵਰਖਾ ਕੀਤੀ। ਸ਼ੋਭਾ ਯਾਤਰਾ ਦਾ ਵੱਖ–ਵੱਖ ਬਾਜ਼ਾਰਾ ਵਿਚ ਭਰਵਾ ਸਵਾਗਤ ਕੀਤਾ ਗਿਆ ਅਤੇ ਤਰਾਂ ਤਰਾਂ ਦੇ ਭੰਡਾਰੇ ਲਗਾਏ ਗਏ। ਯਾਤਰਾ ਦੀ ਸਮਾਪਤੀ ਤੇ ਭੰਡਾਰਾ ਅਤੁੱਟ ਵਰਤਾਇਆ ਗਿਆ। ਇਸ ਸ਼ੋਭਾ ਯਾਤਰਾ ਨੂੰ ਕੱਢਣ ਵਿੱਚ ਵਿਮਲ ਮਿੱਤਲ, ਅਸ਼ਵਨੀ ਗੋਇਲ, ਅਮਿਤ ਗਰਗ, ਸੰਜੀਵ ਸ਼ਰਮਾ, ਭੁਪਿੰਦਰਪਾਲ ਮਿੱਠਾ, ਯਸ਼ਪਾਲ ਮਿੱਤਲ ਦਾ ਵਿਸ਼ੇਸ਼ ਯੋਗਦਾਨ ਰਿਹਾ। ਇਸ ਸ਼ੋਭਾ ਯਾਤਰਾ ਵਿੱਚ ਪੰਜਾਬ ਗਊ ਸੇਵਾ ਕਮਿਸ਼ਨ ਦੇ ਚੇਅਰਮੈਨ ਅਸ਼ੋਕ ਕੁਮਾਰ ਲੱਖਾ, ਕੈਬ੍ਰਿਜ ਗਰੁੱਪ ਦੇ ਚੇਅਰਮੈਨ ਮੱਖਣ ਲਾਲ ਗਰਗ, ਰਾਜਵੰਤ ਸਿੰਘ ਘੁੱਲੀ ਚੇਅਰਮੈਨ ਮਾਰਕੀਟ ਕਮੇਟੀ, ਸਤਿੰਦਰ ਚੱਠਾ ਪ੍ਰਧਾਨ ਆਲ ਇੰਡੀਆ ਐਫਸੀਆਈ ਅਤੇ ਆਮ ਆਦਮੀ ਪਾਰਟੀ, ਰਣਜੀਤ ਸਿੰਘ ਰੰਧਾਵਾ ਹਲਕਾ ਇੰਚਾਰਜ ਸ਼੍ਰੋਮਣੀ ਅਕਾਲੀ ਦਲ, ਵਿੱਕੀ ਸ਼ਰਮਾ ਕੁਆਡੀਨੇਟਰ ਯੁੱਧ ਨਸ਼ਿਆਂ ਵਿਰੁੱਧ, ਜਨਕ ਰਾਜ ਮੀਮਸਾ, ਧਨਪਤ ਰਾਏ ਧੰਨਾ ਸਮਾਜ ਸੇਵਕ, ਸੁਨੀਲ ਕੁਮਾਰ ਜੱਜ, ਅਸ਼ੋਕ ਕੁਮਾਰ ਕੱਪੜੇ ਵਾਲੇ, ਵਪਾਰ ਮੰਡਲ ਦੇ ਪ੍ਰਧਾਨ ਵਿਕਾਸ ਜੈਨ, ਕਾਂਵੜ ਸੰਘ ਦੇ ਪ੍ਰਧਾਨ ਬਾਬਾ ਸੁਮੇਰ ਚੰਦ, ਸ਼ੁਰੇਸ ਬਾਂਸਲ, ਸਾਬਕਾ ਨਗਰ ਕੌਂਸਲ ਪ੍ਰਧਾਨ ਸੰਦੀਪ ਤਾਇਲ, ਅਗਰਵਾਲ ਸਭਾ ਦੇ ਪ੍ਰਧਾਨ ਮਦਨ ਲਾਲ ਬਾਂਸਲ, ਸੰਦੀਪ ਬਾਂਸਲ ਸੋਨੀ ਸਮਾਜ ਸੇਵਕ, ਭਾਜਪਾ ਆਗੂ ਜਗਦੇਵ ਜਿੰਦਲ, ਸੇਵਾ ਸੰਮਤੀ ਦੇ ਪ੍ਰਧਾਨ ਰਾਕੇਸ਼ ਕੁਮਾਰ, ਅਸ਼ੀਸ਼ ਗਰਗ, ਪ੍ਰਦੀਪ ਗਰਗ, ਕੌਂਸਲਰ ਮਹਾਂਵੀਰ ਫੌਜੀ, ਕੌਂਸਲਰ ਰਾਜੀਵ ਚੋਧਰੀ, ਹਰ ਹਰ ਮਹਾਂਦੇਵ ਕਾਂਵੜ ਸੰਘ ਦੇ ਪ੍ਰਧਾਨ ਅਵਨੀਸ਼ ਗਰਗ, ਆਸ਼ੂਤੋਸ਼ ਬਾਂਸਲ, ਭੀਮ ਗਰਗ, ਅਸੋਕ ਸਿੰਗਲਾ, ਜਨਕ ਰਾਜ ਮੀਮਸਾ, ਦਰਸ਼ਨ ਖੁਰਮੀ, ਸ਼ਤੀਸ ਕੁਮਾਰ, ਮਾਣਾ ਗਰੇਵਾਲ, ਭਿੰਦਾ ਵਿਰਕ ਹਾਜ਼ਰ ਸਨ।



# ਕੈਬਨਿਟ ਮੰਤਰੀ ਅਮਨ ਅਰੋੜਾ ਵੱਲੋਂ ਬਰਸਾਨਾ ਧਾਮ ਤੋਂ ਵ੍ਰਿੰਦਾਵਨ ਧਾਮ ਤਕ ਭਗਤੀਮਈ ਯਾਤਰਾ; ਸੁਨਾਮ ਲਈ ਪਵਿੱਤਰ ਅਖੰਡ ਜਯੋਤੀ ਰਵਾਨਾ



**ਸੁਨਾਮ ( ਰਣਜੀਤ ਸਿੰਘ ਪੇਧਨੀ )**-ਸੁਨਾਮ ਸ਼ਹਿਰ ਵਿੱਚ 4 ਅਪ੍ਰੈਲ ਨੂੰ ਆਯੋਜਿਤ ਹੋਣ ਜਾ ਰਹੇ ਵਿਸ਼ਾਲ ਰਾਧਾ ਨਾਮ ਸੰਕੀਰਤਨ ਸਮਾਗਮ ਦੀਆਂ ਤਿਆਰੀਆਂ ਅਧਿਆਤਮਿਕ ਰੰਗਾਂ ਵਿੱਚ ਰੰਗੀਆਂ ਹੋਈਆਂ ਹਨ। ਇਸ ਸਬੰਧੀ ਉਸ ਵੇਲੇ ਇੱਕ ਬਹੁਤ ਹੀ ਪਵਿੱਤਰ ਅਤੇ ਅਲੌਕਿਕ ਪਲ ਦੇਖਣ ਨੂੰ ਮਿਲਿਆ, ਜਦੋਂ ਪੰਜਾਬ ਦੇ ਕੈਬਨਿਟ ਮੰਤਰੀ ਸ਼੍ਰੀ ਅਮਨ ਅਰੋੜਾ ਵੱਲੋਂ ਸ੍ਰੀ ਰਾਧਾ ਰਾਣੀ ਮੰਦਰ, ਬਰਸਾਨਾ ਧਾਮ ਤੋਂ ਪਵਿੱਤਰ ਅਖੰਡ ਜਯੋਤੀ ਲੈਕੇ ਸ੍ਰੀ ਠਾਕੁਰ ਜੀ ਮੰਦਰ, ਵ੍ਰਿੰਦਾਵਨ ਧਾਮ ਵਿਖੇ ਪਹੁੰਚੇ, ਜਿੱਥੇ ਉਨ੍ਹਾਂ ਵੱਲੋਂ ਵਿਧੀਵਤ ਪੂਜਾ–ਅਰਚਨਾ ਕਰਕੇ ਮੱਥਾ ਟੇਕਿਆ ਗਿਆ। ਇਸ ਮੌਕੇ ਕੈਬਨਿਟ ਮੰਤਰੀ ਦੇ ਮੀਡੀਆ ਸਲਾਹਕਾਰ ਸ਼੍ਰੀ ਜਤਿੰਦਰ ਜੈਨ ਵੀ ਉਹਨਾਂ ਦੇ ਨਾਲ ਸਨ। ਇਸ ਉਪਰੰਤ ਇਸ ਪਵਿੱਤਰ ਅਖੰਡ ਜਯੋਤੀ ਨੂੰ ਸੁਨਾਮ ਲਈ ਰਵਾਨਾ ਕੀਤਾ ਗਿਆ।ਜ਼ਿਕਰਯੋਗ ਹੈ ਕਿ ਸੁਨਾਮ ਸ਼ਹਿਰ ਵਿੱਚ 4 ਅਪ੍ਰੈਲ ਨੂੰ ਕਰਵਾਇਆ ਜਾ ਰਿਹਾ ਸਮਾਗਮ ਸ਼੍ਰੀ ਬਾਂਕੇ ਬਿਹਾਰੀ ਸੇਵਾ ਸੰਮਤੀ ਵੱਲੋਂ ਪ੍ਰਧਾਨ ਅੱਛਰੂ ਗੋਇਲ ਦੀ ਅਗਵਾਈ ਵਿੱਚ ਕਰਵਾਇਆ ਜਾ ਰਿਹਾ ਹੈ।

ਇਸ ਪਵਿੱਤਰ ਅਵਸਰ ਦੌਰਾਨ ਕੈਬਨਿਟ ਮੰਤਰੀ ਨੇ ਬਰਸਾਨਾ ਧਾਮ ਵਿਖੇ ਰਾਧਾ ਰਾਣੀ ਜੀ ਦੇ ਚਰਨਾਂ ਵਿੱਚ ਨਤਮਸਤਕ ਹੋ ਕੇ ਲੋਕਾਂ ਦੀ ਖੁਸ਼ਹਾਲੀ ਅਤੇ ਸਮਾਜ ਵਿੱਚ ਪ੍ਰੇਮ ਅਤੇ ਸਾਂਝ ਬਣੀ ਰਹਿਣ ਦੀ ਅਰਚਨਾ ਕੀਤੀ। ਵ੍ਰਿੰਦਾਵਨ ਦੀ ਧਰਤੀ, ਜੋ ਭਗਵਾਨ ਕ੍ਰਿਸ਼ਨ ਜੀ ਨਾਲ ਸਬੰਧਤ ਹੈ, ਉੱਥੇ ਇਸ ਪਵਿੱਤਰ ਅਖੰਡ ਜਯੋਤੀ ਦਾ ਪਹੁੰਚਣਾ ਇਸ ਦੀ ਪਵਿੱਤਰਤਾ ਨੂੰ ਹੋਰ ਵੀ ਗਹਿਰਾਈ ਪ੍ਰਦਾਨ ਕਰਦਾ ਹੈ।

ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਇਹ ਪਵਿੱਤਰ ਅਖੰਡ ਜਯੋਤੀ ਰਾਧਾ ਜੀ ਅਤੇ ਕ੍ਰਿਸ਼ਨ ਜੀ ਦੇ ਅਟੱਲ ਪ੍ਰੇਮ, ਭਗਤੀ ਅਤੇ ਆਤਮਿਕ ਰੋਸ਼ਨੀ ਦਾ ਪ੍ਰਤੀਕ ਹੈ। ਇਹ ਜਿੱਥੇ ਵੀ ਜਾਂਦੀ ਹੈ, ਉੱਥੇ ਆਧਿਆਤਮਿਕ ਊਰਜਾ ਦਾ ਪ੍ਰਸਾਰ ਕਰਦੀ ਹੈ ਅਤੇ ਮਨੁੱਖ ਦੇ ਜੀਵਨ ਵਿੱਚ ਸਕਾਰਾਤਮਕਤਾ ਭਰਦੀ ਹੈ।

ਉਨ੍ਹਾਂ ਦੱਸਿਆ ਕਿ ਇਸ ਪਵਿੱਤਰ ਅਖੰਡ ਜਯੋਤੀ ਨੂੰ ਸੁਨਾਮ ਵਿਖੇ ਬੜੀ ਸ਼ਰਧਾ ਅਤੇ ਸਤਿਕਾਰ ਨਾਲ ਸਥਾਪਿਤ ਕੀਤਾ ਜਾਵੇਗਾ, ਜਿੱਥੇ ਰਾਧਾ ਨਾਮ ਸੰਕੀਰਤਨ ਦੌਰਾਨ ਹਜ਼ਾਰਾਂ ਦੀ ਗਿਣਤੀ ਵਿੱਚ ਭਗਤ ਜਨ ਇਕੱਠੇ ਹੋ ਕੇ ਰਾਧਾ–ਕ੍ਰਿਸ਼ਨ ਦੇ ਨਾਮ ਦਾ ਜਾਪ ਕਰਨਗੇ। ਇਹ ਸੰਕੀਰਤਨ ਸਿਰਫ਼ ਧਾਰਮਿਕ ਕ੍ਰਿਆ ਨਹੀਂ, ਸਗੋਂ ਆਤਮਿਕ ਉੱਚਾਈਆਂ ਨੂੰ ਛੂਹਣ ਦਾ ਇਕ ਸਾਧਨ ਹੈ, ਜੋ ਮਨੁੱਖ ਨੂੰ ਅੰਦਰੂਨੀ ਸ਼ਾਂਤੀ ਅਤੇ ਆਨੰਦ ਪ੍ਰਦਾਨ ਕਰਦਾ ਹੈ।

ਉਨ੍ਹਾਂ ਅੱਗੇ ਕਿਹਾ ਕਿ ਅਜਿਹੇ ਆਧਿਆਤਮਿਕ ਸਮਾਗਮ ਸਮਾਜ ਵਿੱਚ ਭਾਈਚਾਰੇ, ਪ੍ਰੇਮ ਅਤੇ ਸਹਿਯੋਗ ਦੀ ਭਾਵਨਾ ਨੂੰ ਮਜ਼ਬੂਤ ਕਰਦੇ ਹਨ ਅਤੇ ਨੌਜਵਾਨ ਪੀੜ੍ਹੀ ਨੂੰ ਆਪਣੀ ਸੰਸਕ੍ਰਿਤੀ ਅਤੇ ਧਾਰਮਿਕ ਵਿਰਾਸਤ ਨਾਲ ਜੋੜਦੇ ਹਨ।

ਇਸ ਮੌਕੇ ਭਗਤਾਂ ਵੱਲੋਂ "ਰਾਧੇ ਰਾਧੇ" ਦੇ ਜਾਪ ਨਾਲ ਪੂਰਾ ਮਾਹੌਲ ਭਗਤੀ ਰਸ ਵਿੱਚ ਰੰਗਿਆ ਹੋਇਆ ਸੀ। ਸੰਗਤ ਨੇ ਪਵਿੱਤਰ ਅਖੰਡ ਜਯੋਤੀ ਦੀ ਰਵਾਨਗੀ ਨੂੰ ਆਪਣੇ ਲਈ ਬੜਾ ਸੁਭਾਗਾ ਮੰਨਿਆ ਅਤੇ ਇਸਨੂੰ ਰਾਧਾ ਰਾਣੀ ਜੀ ਦੀ ਵਿਸ਼ੇਸ਼ ਕਿਰਪਾ ਵਜੋਂ ਸਵੀਕਾਰ ਕੀਤਾ। ਸਮਾਗਮ ਦੇ ਆਯੋਜਕਾਂ ਵੱਲੋਂ ਦੱਸਿਆ ਗਿਆ ਕਿ 4 ਅਪ੍ਰੈਲ ਨੂੰ ਸੁਨਾਮ ਵਿਖੇ ਹੋਣ ਵਾਲਾ ਇਹ ਰਾਧਾ ਨਾਮ ਸੰਕੀਰਤਨ ਸਮਾਗਮ ਇਕ ਵਿਸ਼ਾਲ ਆਧਿਆਤਮਿਕ ਸਮਾਗਮ ਹੋਵੇਗਾ, ਜਿਸ ਵਿੱਚ ਦੂਰ–ਦੂਰ ਤੋਂ ਆਉਣ ਵਾਲੀ ਸੰਗਤ ਭਗਤੀ ਰਸ ਦਾ ਆਨੰਦ ਮਾਣੇਗੀ ਅਤੇ ਪਵਿੱਤਰ ਅਖੰਡ ਜਯੋਤੀ ਦੇ ਦਰਸ਼ਨ ਕਰਕੇ ਆਪਣਾ ਜੀਵਨ ਧੰਨ ਕਰੇਗੀ।



## ਆਨੰਦ ਕਾਰਜ ਦੀਆਂ ਵਧਾਈਆਂ

ਧਰਮਿੰਦਰ ਸਿੰਘ ਸਪੁੱਤਰ ਸੁਖਵਿੰਦਰ ਸਿੰਘ ਪਿੰਡ ਦੋਦਪੁਰ ਦਾ ਵਿਆਹ ਆਨੰਦ ਕਾਰਜ ਮਨਦੀਪ ਕੌਰ ਸਪੁੱਤਰੀ ਸੁਖਵਿੰਦਰ ਸਿੰਘ ਪਿੰਡ ਦਮੂਲੀਆ ਦੇ ਨਾਲ ਹੋਇਆ
( ਫੋਟੋ ਵੇਰਵਾ ਬਾਬਾ ਸੁਖਵੰਤ ਸਿੰਘ ਚੰਨਣਕੇ ਚੌਕ ਮਹਿਤਾ)

ਆਵਾਜ਼ਿ ਕੌਮ AWAZE QAUM International Newspaper & WEB TV

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਬਾਬਾ ਸੁਖਵੰਤ ਸਿੰਘ ਚੰਨਣਕੇ ਦੀ ਭਤੀਜੀ ਦਾ

# ਵਿਆਹ ਆਨੰਦ ਕਾਰਜ ਗੁਰਮਰਯਾਦਾ ਦੇ ਨਾਲ ਹੋਇਆ



**ਚੌਕ ਮਹਿਤਾ, 29 ਮਾਰਚ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਸਮਾਜ ਸੇਵੀ ਬਾਬਾ ਸੁਖਵੰਤ ਸਿੰਘ ਚੰਨਣਕੇ ਦੀ ਭਤੀਜੀ ਸੁਰਗਵਾਸੀਸੁਖਵਿੰਦਰ ਸਿੰਘ ਦੀ ਸਪੁੱਤਰੀ ਮਨਦੀਪ ਕੌਰ ਦਾ ਵਿਆਹ ਆਨੰਦ ਕਾਰਜ ਰਾਗੀ ਭਾਈ ਧਰਮਿੰਦਰ ਸਿੰਘ ਸਪੁੱਤਰ ਸੁਖਵਿੰਦਰ ਸਿੰਘ ਪਿੰਡ ਦੋਦਪੁਰ ਦੇ ਨਾਲ ਗੁਰਮਰਯਾਦਾ ਦੇ ਨਾਲ ਹੋਇਆ। ਇਸ ਮੌਕੇ ਤੇ ਸਰਪੰਚ ਬਲਵਿੰਦਰ ਸਿੰਘ, ਅਵਤਾਰ ਸਿੰਘ ਅਮ੍ਰਿੰਤਸਰ, ਮਨਪ੍ਰੀਤ ਸਿੰਘ ਖਾਲਸਾ, ਗੁਰਚਰਨ ਸਿੰਘ ਨਾਥ ਦੀ ਖੂਹੀ, ਸਤਨਾਮ ਸਿੰਘ ਚੰਨਣਕੇ, ਦਲੇਰ ਸਿੰਘ ਗੋਲਡੀ ਡੱਬਵਾਲੀ,ਪਹਿਨਦੀਪ ਸਿੰਘ ਜ਼ੀਰਾ, ਮਨਵੀਰ ਸਿੰਘ ਚੰਨਣਕੇ, ਗੁਰਮੀਤ ਸਿੰਘ ਦਮੂਲੀਆ, ਹਰਪ੍ਰੀਤ ਸਿੰਘ ਦਮੂਲੀਆ ਆਦਿ ਹਾਜ਼ਰ ਸਨ।

### ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ

# ਦਾਖਲਿਆਂ ਦੀ ਰੁੱਤ



ਕਿਸੇ ਵੀ ਦੇਸ਼ ਦੇ ਵਿਕਾਸ ਦੀ ਰੀੜ ਦੀ ਹੱਡੀ ਉਸ ਦੇਸ਼ ਦੀ ਸਿੱਖਿਆ ਪ੍ਰਣਾਲੀ ਹੁੰਦੀ ਹੈ, ਇਸੇ ਕਰਕੇ ਹਰੇਕ ਦੇਸ਼ ਚਾਹੁੰਦਾ ਹੈ ਕਿ ਉਹ ਸੰਸਾਰ ਦੀ ਸਭ ਤੋਂ ਵਧੀਆ ਸਿੱਖਿਆ ਪ੍ਰਣਾਲੀ ਆਪਣੇ ਦੇਸ਼ ਵਿੱਚ ਲਾਗੂ ਕਰਕੇ ਸਮੇਂ ਸਮੇਂ ਤੇ ਉਸ ਵਿੱਚ ਬਦਲਾਅ ਵੀ ਕਰਦਾ ਰਹਿੰਦਾ ਹੈ। ਕਿਉਂਕਿ ਹਰੇਕ ਦੇਸ਼ ਚਾਹੁੰਦਾ ਹੈ ਕਿ ਉਸ ਦੇਸ਼ ਦੀ ਆਉਣ ਵਾਲੀ ਪੀੜ੍ਹੀ ਸਮੇਂ ਦੀ ਹਾਣੀ ਹੀ ਨਾ ਬਣੇ ਸਗੋਂ ਸਮੇਂ ਦੇ ਅਗਾਊ ਚੱਲੇ, ਫਿਰ ਹੀ ਦੇਸ਼ ਤਰੱਕੀ ਦੇ ਰਾਹ ਤੇ ਹੋਵੇਗਾ। ਸੰਸਾਰ ਵਿੱਚ ਹਰੇਕ ਦੇਸ਼ ਦਾ ਸਿੱਖਿਆ ਸੈਸ਼ਨ ਵੱਖਰੇ ਵੱਖਰੇ ਸਮੇਂ ਦਾ ਹੁੰਦਾ ਹੈ। ਭਾਰਤ ਵਿੱਚ ਜੇਕਰ ਦੇਖਿਆ ਜਾਵੇ ਤਾਂ 1 ਅਪ੍ਰੈਲ ਤੋਂ ਹੀ ਸਕੂਲਾਂ ਦੇ ਦਾਖਲੇ ਦੀ ਸ਼ੁਰੂਆਤ ਹੁੰਦੀ ਹੈ, ਪਰ ਪੰਜਾਬ ਵਿੱਚ ਤਾਂ 31 ਮਾਰਚ ਬਹੁਤ ਹੀ ਮਹੱਤਵ ਰੱਖਦੀ ਹੈ। ਕਿਉਂਕਿ ਇਸ ਦਿਨ ਪੰਜਾਬ ਦੇ ਲਗਭਗ ਹੀ ਸਾਰੇ ਸਕੂਲਾਂ ਵਿੱਚ ਵਿਦਿਆਰਥੀਆਂ ਦੇ ਨਤੀਜੇ ਦਾ ਦਿਨ ਹੁੰਦਾ ਹੈ ਪਰ ਇਸ ਉਹ ਵਾਰ 28 ਮਾਰਚ ਸੀ। ਫਿਰ ਇੱਕ ਅਪ੍ਰੈਲ ਤੋਂ ਦਾਖਲੇ ਸ਼ੁਰੂ ਹੋ ਜਾਂਦੇ ਹਨ। ਇਹ 31 ਮਾਰਚ ਕਈਆਂ ਲਈ ਤਰੱਕੀ ਕਈਆਂ ਲਈ ਪਛਤਾਵੇ ਦਾ ਦਿਨ ਹੁੰਦਾ ਹੈ। ਜਿਹੜੇ ਵਿਦਿਆਰਥੀ ਪਾਸ ਹੋ ਜਾਂਦੇ ਹਨ, ਉਹ ਮਾਪਿਆਂ ਨਾਲ ਖੁਸ਼ੀ ਖੁਸ਼ੀ ਸਕੂਲ ਵਿੱਚ ਦਾਖਲਾ ਭਰਨ ਜਾਂਦੇ ਹਨ, ਪਾਸ ਹੋਣ ਦੇ ਨਾਲ ਨਾਲ ਕਈ ਨਵੀਆਂ ਕਿਤਾਬਾਂ ਨਵੀਆਂ ਕਾਪੀਆਂ, ਸਕੂਲ ਬੈਗਾਂ ਅਤੇ ਵਰਦੀਆਂ ਆਦਿ ਲਈ ਬੜਾ ਚਾਅ ਹੁੰਦਾ ਹੈ, ਉਤਸ਼ਾਹ ਹੁੰਦਾ ਹੈ। ਇਹ ਸਮਾਂ ਸਿੱਖਿਆ ਪ੍ਰਣਾਲੀ ਦਾ ਬਹੁਤ ਹੀ ਮਹੱਤਵਪੂਰਨ ਕਦਮ ਹੁੰਦਾ ਹੈ। ਇਹਨਾਂ ਦਿਨਾਂ ਵਿੱਚ ਸਿਰਫ ਨਵੇਂ ਦਾਖਲੇ ਨਹੀਂ ਹੁੰਦੇ ਸਗੋਂ ਸਮਾਜ ਵਿੱਚ ਸਿੱਖਿਆ ਦਾ ਮਹੱਤਵ, ਸਮਾਜਿਕ ਵਿਕਾਸ ਅਤੇ ਵਿਦਿਆਰਥੀਆਂ ਦੇ ਸੁਨਹਿਰੇ ਭਵਿੱਖ ਦੇ ਦਿਨ ਹੁੰਦੇ ਹਨ। ਸਰਕਾਰੀ ਸਕੂਲਾਂ ਵਿੱਚ ਇਹ ਦਿਨ ਬਹੁਤ ਹੀ ਮਹੱਤਵ ਰੱਖਦੇ ਹਨ, ਕਿਉਂਕਿ ਇਹਨਾਂ ਦਿਨਾਂ ਵਿੱਚ ਸਕੂਲਾਂ ਵਿੱਚ ਬੜਾ ਹੀ ਉਤਸਾਹ ਵਾਲਾ, ਊਰਜਾਵਾਨ ਖੁਸ਼ੀ ਅਤੇ ਮੇਲੇ ਵਰਗਾ ਮਾਹੌਲ ਹੁੰਦਾ ਹੈ। ਮਾਪੇ ਸਕੂਲਾਂ ਦੇ ਵੱਖ-ਵੱਖ ਕਮਰਿਆਂ ਵਿੱਚ ਆਪਣੇ ਬੱਚਿਆਂ ਦਾ ਦਾਖਲਾ ਕਰਵਾਉਣ ਜਾਂਦੇ, ਵੱਖ-ਵੱਖ ਅਧਿਆਪਕਾਂ ਨੂੰ ਵਿਸ਼ਿਆਂ ਦੀ ਚੋਣ ਸਬੰਧੀ ਮਿਲਦੇ, ਕਿਤਾਬਾਂ ਪ੍ਰਾਪਤ ਕਰਦੇ, ਆਪਣੇ ਬੱਚਿਆਂ ਦੀ ਪੜ੍ਹਾਈ ਪ੍ਰਤੀ ਫਿਕਰਮੰਦ ਅਤੇ ਆਪਣੇ ਬੱਚਿਆਂ ਦੇ ਪ੍ਰਤੀ ਸੁਪਨੇ ਸਜਾ ਕੇ ਸਕੂਲਾਂ ਵਿੱਚ ਇਧਰ ਉਧਰ ਆਉਂਦੇ-ਜਾਂਦੇ ਸਕੂਲ ਦੇ ਮਾਹੌਲ ਨੂੰ ਹੋਰ ਵੀ ਵਧੀਆ ਬਣਾ ਦਿੰਦੇ ਹਨ। ਸਕੂਲਾਂ ਦੀਆਂ ਮੈਨੇਜਮੈਂਟ ਕਮੇਟੀਆਂ ਵੱਲੋਂ ਮਾਪਿਆਂ ਦੇ ਸਵਾਗਤ ਲਈ ਗੇਟ ਸਜਾਏ ਜਾਂਦੇ ਹਨ,ਮੈਟ ਵਿਛਾਏ ਜਾਂਦੇ ਹਨ, ਖਾਸ ਸਵਾਗਤ ਕੀਤੇ ਜਾਂਦੇ ਹਨ,ਮਾਪਿਆਂ ਦੇ ਚਾਹ ਪਾਣੀ ਦਾ ਖਾਸ ਪ੍ਰਬੰਧ ਕੀਤਾ ਜਾਂਦਾ ਹੈ, ਹਰੇਕ ਕਲਾਸ ਵਿੱਚ ਪਹਿਲੇ ਦੂਜੇ ਅਤੇ ਤੀਜੇ ਸਥਾਨ ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਜਾਂਦਾ ਹੈ।ਸਰਕਾਰੀ ਸਕੂਲਾਂ ਵਿੱਚ ਮਿਲ ਰਹੀਆਂ ਸਹੂਲਤਾਂ ਸਬੰਧੀ ਫਲੈਕਸਾਂ ਬਣਾ ਕੇ ਪਿੰਡਾਂ ਸ਼ਹਿਰਾਂ ਦੀਆਂ ਭੀੜ ਵਾਲੀਆਂ ਥਾਵਾਂ, ਮੁੱਖ ਚੌਂਕਾਂ ਗਲੀਆਂ ਮੁਹੱਲਿਆਂ, ਪਰਮੁਖ ਥਾਵਾਂ ਅਤੇ ਸਕੂਲ ਦੇ ਮੁੱਖ ਗੇਟਾਂ ਤੇ ਫਲੈਕਸਾਂ ਲਗਾਈਆਂ ਜਾਂਦੀਆਂ ਹਨ ਤਾਂ ਕਿ ਦਾਖਲ ਹੋਣ ਵਾਲੇ ਵਿਦਿਆਰਥੀਆਂ ਤੇ ਉਹਨਾਂ ਦੇ ਮਾਪਿਆਂ ਨੂੰ ਸਕੂਲਾਂ ਵਿੱਚ ਮਿਲਣੀਆਂ ਸਹੂਲਤਾਂ ਸਬੰਧੀ ਜਾਣੂ ਕਰਵਾਇਆ ਜਾ ਸਕੇ। ਇਸੇ ਤਰ੍ਹਾਂ ਹੀ ਸਮੇਂ ਦੀ ਸਰਕਾਰ ਸਰਕਾਰੀ ਸਕੂਲਾਂ ਵਿੱਚ ਮਿਲ ਰਹੀਆਂ ਸਹੂਲਤਾਂ ਸਬੰਧੀ ਆਮ ਜਨਤਾ ਨੂੰ ਪ੍ਰਚਾਰ ਦੇ ਵੱਖ-ਵੱਖ ਵਿਧੀਆਂ ਰਾਹੀਂ ਜਾਣੂ ਵੀ ਕਰਵਾਉਂਦੀ ਰਹਿੰਦੀ ਹੈ। ਇਸੇ ਤਰ੍ਹਾਂ ਹੀ ਸਕੂਲ ਅਧਿਆਪਕ ਬੱਚਿਆਂ ਤੇ ਮਾਪਿਆਂ ਨੂੰ ਬਹੁਤ ਹੀ ਪਿਆਰ ਅਤੇ ਸਤਿਕਾਰ ਨਾਲ ਸਕੂਲਾਂ ਦੀਆਂ ਪ੍ਰਾਪਤੀਆਂ ਸਬੰਧੀ ਜਾਣੂ ਕਰਵਾਉਂਦੇ ਹਨ ਅਤੇ ਸਕੂਲਾਂ ਵਿੱਚ ਮਿਲ ਰਹੀਆਂ ਸਹੂਲਤਾਂ ਜਿਵੇਂ ਕਿ ਮੁਫਤ ਸਿੱਖਿਆ, ਮਿਡ ਡੇ ਮੀਲ ਮੁਫਤ ਕਿਤਾਬਾਂ, ਮੁਫਤ ਵਰਦੀਆਂ ਵੱਖ-ਵੱਖ ਤਰਹਾਂ ਦੇ ਵਜ਼ੀਫਿਆਂ, ਸਮਾਰਟ ਕਲਾਸ ਰੂਮਸ, ਅੰਗਰੇਜ਼ੀ ਮਾਧਿਅਮ, ਵੱਖ-ਵੱਖ ਪ੍ਰਕਾਰ ਦੇ ਸਿੱਖਿਅਕ ਟੂਰਜ, ਖੇਡਾਂ, ਆਧੁਨਿਕ ਤਕਨੀਕ ਰਾਹੀਂ ਸਿੱਖਿਆ ਅਤੇ ਤਜਰਬੇਕਾਰ ਸਟਾਫ, ਸਿੱਖਿਆ ਦੀਆਂ ਆਧੁਨਿਕ ਸਹੂਲਤਾਂ, ਗੁਣਵੱਤਾ ਦੀ ਸਿੱਖਿਆ, ਸ਼ੁੱਧ ਪਾਣੀ ਦਾ ਪ੍ਰਬੰਧ, ਜਨਰੇਟਰ ਦਾ ਪ੍ਰਬੰਧ,ਈ ਕੰਟੈਂਟ ਰਾਹੀਂ ਸਿੱਖਿਆ, ਗਾਈਡੈਂਸ ਐਂਡ ਕਾਉਂਸਲਿੰਗ, ਵੱਖ-ਵੱਖ ਵਿਸ਼ਿਆਂ ਦੇ ਲੱਗਣ ਵਾਲੇ ਮੇਲੇ, ਬਿਜਨਸ ਬਲਾਸਟਰ ਅਤੇ ਇਸ ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਸਹੂਲਤਾਂ, ਇਸ ਸਮੇਂ ਸਰਕਾਰੀ ਸਕੂਲਾਂ ਵਿੱਚ ਮਿਲ ਰਹੀਆਂ ਹਨ ਸਬੰਧੀ ਸਮਾਜ ਨੂੰ ਵੱਖ-ਵੱਖ ਤਰੀਕਿਆਂ ਨਾਲ ਦੱਸਿਆ ਜਾਂਦਾ ਹੈ। ਇਸੇ ਕਰਕੇ ਇਹਨਾਂ ਸਕੂਲਾਂ ਵਿੱਚ ਸਾਡੇ ਬੱਚਿਆਂ ਨੂੰ ਦਾਖਲ ਕਰਵਾਉਣਾ ਚਾਹੀਦਾ ਹੈ। ਲੰਬੇ ਸਮੇਂ ਤੋਂ ਜੇਕਰ ਹੁਣ ਤੱਕ ਵੇਖਿਆ ਜਾਵੇ ਤਾਂ ਸਰਕਾਰੀ ਸਕੂਲਾਂ ਵਿੱਚ ਪੜ੍ਹ ਕੇ ਵਿਦਿਆਰਥੀ ਬਹੁਤ ਵੱਡੇ-ਵੱਡੇ ਅਫਸਰ, ਮਾਸਟਰ, ਡਾਕਟਰ, ਵਕੀਲ ਆਦਿ ਬਣ ਚੁੱਕੇ ਹਨ ਤੇ ਕਈਆਂ ਨੇ ਆਪਣੀ ਹੁਨਰ ਹੁਨਰ ਕਲਾ ਨਾਲ ਆਪਣੀਆਂ ਵਰਕਸ਼ਾਪਾਂ, ਸਲੂਨ ਤੇ ਦੁਕਾਨਦਾਰੀਆਂ ਚਲਾ ਰਹੇ ਹਨ, ਹੋਰ ਵੀ ਵੱਡੇ-ਵੱਡੇ ਅਹੁਦਿਆਂ ਤੇ ਬਿਰਾਜਮਾਨ ਹਨ।ਸਰਕਾਰੀ ਸਕੂਲਾਂ ਦੇ ਅਧਿਆਪਕ ਵੀ ਸਰਕਾਰੀ ਸਕੂਲਾਂ ਵਿੱਚ ਦਾਖਲਿਆਂ ਨੂੰ ਵਧਾ ਰਹੇ ਹਨ, ਦਾਖਲਿਆਂ ਪ੍ਰਤੀ ਅਧਿਆਪਕ ਵਰਗ ਸਮਾਜ ਵਿੱਚ ਰੈਲੀਆਂ ਕਰ ਰਹੇ ਹਨ, ਸਕੂਲਾਂ ਦੀਆਂ ਵਿਸ਼ੇਸ਼ਤਾਵਾਂ ਦਰਸਾਉਂਦੇ ਪੈਂਫਲਿਟ ਆਦਿ ਸਮਾਜ ਵਿੱਚ ਵੰਡ ਰਹੇ ਹਨ, ਗਲੀ-ਗਲੀ, ਘਰ-ਘਰ ਜਾ ਕੇ ਅਧਿਆਪਕ ਵਿਦਿਆਰਥੀਆਂ ਦੇ ਦਾਖਲੇ ਸਬੰਧੀ ਮਾਪਿਆਂ ਨੂੰ ਪ੍ਰੇਰਿਤ ਕਰ ਰਹੀ ਹਨ, ਸਕੂਲਾਂ ਦੇ ਕੈਲੰਡਰ ਅਤੇ ਸਲਾਨਾ ਮੈਗਜ਼ੀਨ ਰਿਲੀਜ਼ ਕਰਕੇ ਮਾਪਿਆਂ ਤੱਕ ਪਹੁੰਚਾਏ ਜਾ ਰਹੇ ਹਨ। ਕਈ ਅਧਿਆਪਕ ਲੋੜਵੰਦ ਵਿਦਿਆਰਥੀਆਂ ਦੀ ਹਰ ਪੱਖੋਂ ਮਦਦ ਕਰ ਰਹੇ ਹਨ। ਮੈਂ ਅਕਸਰ ਵੇਖਦਾ ਹਾਂ ਕਿ ਸਕੂਲਾਂ ਅਧਿਆਪਕ ਕਈ ਕਈ ਵਿਦਿਆਰਥੀਆਂ ਦੀਆਂ ਫੀਸਾਂ ਵੀ ਆਪ ਭਰ ਦਿੰਦੇ ਹਨ।ਅਧਿਆਪਕ ਪਿੰਡਾਂ ਸ਼ਹਿਰਾਂ ਵਿੱਚ ਸਕੂਲਾਂ ਵਿੱਚ ਦਾਖਲਾ ਸੰਬੰਧੀ ਜਾਗਰੂਕਤਾ ਮੁਹਿੰਮਾਂ ਚਲਾ ਕੇ ਮਾਪਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਆਪਣੇ ਬੱਚਿਆਂ ਨੂੰ ਦਾਖਲ ਕਰਵਾਉਣ ਸਬੰਧੀ ਉਤਸਾਹਿਤ ਵੀ ਕਰ ਰਹੇ। ਇਸ ਕਰਕੇ ਮੈਂ ਕਹਿ ਸਕਦਾ ਹਾਂ ਕਿ ਇਹ ਸਮਾਂ ਵਿਦਿਆਰਥੀਆਂ ਨੂੰ ਸਰਕਾਰੀ ਸਕੂਲਾਂ ਵਿੱਚ ਦਾਖਲ ਕਰਵਾਉਣ ਦੀ ਰੁੱਤ ਹੁੰਦੀ ਹੈ। ਇਹ ਸਮਾਂ ਵਿਦਿਆਰਥੀਆਂ ਨੂੰ ਉਹਨਾਂ ਦੇ ਸੁਪਨਿਆਂ ਨੂੰ ਉਡਾਨ ਦੇਣ ਦਾ ਸਮਾਂ ਹੁੰਦਾ ਹੈ। ਇਹੀ ਸਮਾਂ ਹੁੰਦਾ ਹੈ ਜਦ ਵਿਦਿਆਰਥੀ ਆਪਣੇ ਜੀਵਨ ਵਿੱਚ ਕੁਝ ਕਰ ਗੁਜਰਨ ਤੇ ਆਪਣੇ ਸੁਪਨੇ ਨੂੰ ਪੂਰਾ ਕਰਨ ਦਾ ਅਨੁਭਵ ਕਰਨ ਦੀ ਤਾਂ ਤਾਂਘ ਕਰਦਾ ਹੈ। ਇਸੇ ਕਰਕੇ ਮਾਪੇ ਅਧਿਆਪਕ ਸਮਾਜ ਤੇ ਵਿਦਿਆਰਥੀਆਂ ਦੇ ਸਹਿਯੋਗ ਨਾਲ ਹੀ ਇਹ ਸੁਪਨੇ ਪੂਰੇ ਕੀਤੇ ਜਾ ਸਕਦੇ ਹਨ ਕਿਉਂਕਿ ਸਿੱਖਿਆ ਪ੍ਰਾਪਤੀ ਲਈ ਕੇਵਲ ਇੱਕ ਵਰਗ ਦੀ ਹੀ ਮਿਹਨਤ ਰੰਗ ਨਹੀਂ ਲਿਆਉਂਦੀ ਸਗੋਂ ਸਾਰਿਆਂ ਦੇ ਸਹਿਯੋਗ ਨਾਲ ਹੀ ਇਹ ਪ੍ਰਾਪਤੀ ਹੁੰਦੀ ਹਾਂ ਇਹ ਜਰੂਰ ਅਨੁਭਵ ਮੈਂ ਕੀਤਾ ਹੈ ਕਿ ਇਸ ਵਿੱਚ ਵਿਦਿਆਰਥੀ ਦੀ ਮਿਹਨਤ ਜ਼ਿਆਦਾ ਹੀ ਮਾਇਨੇ ਰਖਦੀ ਹੈ। ਇਸੇ ਕਰਕੇ ਮੈਂ ਇਹੀ ਕਹਾਂਗਾ ਹਰ ਬੱਚਾ ਪੜ੍ਹੇਗਾ ਤਦ ਹੀ ਦੇਸ਼ ਅੱਗੇ ਵਧੇਗਾ।

ਅੰਤ ਵਿੱਚ ਮੈਂ ਇਹੀ ਕਹਾਂਗਾ ਕਿ  
ਅੱਖਰ ਅੱਖਰ ਪੜਦੇ ਜਾਓ ਗਿਆਨ ਦੀ ਪੌੜੀ ਚੜਦੇ ਜਾਓ  
ਜੇ ਪੂਰਾ ਕਰਨਾ ਖਵਾਬਾਂ ਨੂੰ ਤਾਂ ਰੱਖਿਓ ਨਾਲ ਕਿਤਾਬਾਂ ਨੂੰ।


**-ਮੋਤੀ ਰਾਮ, ਲੈਕ: ਪੋਲੀਟੀਕਲ ਸਾਇੰਸ**  
**ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਪਿੰਡ- ਭਗਵਾਨਗੜ੍ਹ, ਜ਼ਿਲ੍ਹਾ ਬਠਿੰਡਾ, ਮੋਬਾਈਲ ਨੰਬਰ 941714600**

# ਵਿਧਾਇਕ ਸ਼੍ਰੀਮਤੀ ਨਰਿੰਦਰ ਕੌਰ ਭਰਾਜ ਵੱਲੋਂ ਆਮ ਆਦਮੀ ਕਲੀਨਿਕ ਦਾ ਉਦਘਾਟਨ




**ਸੰਗਰੂਰ ( ਰਣਜੀਤ ਸਿੰਘ ਪੇਧਨੀ )**-ਸਿਹਤ ਸੇਵਾਵਾਂ ਨੂੰ ਲੋਕਾਂ ਦੇ ਦਰਵਾਜ਼ੇ ਤਕ ਪਹੁੰਚਾਉਣ ਦੇ ਉਦੇਸ਼ ਨਾਲ ਅੱਜ ਸੰਗਰੂਰ ਸ਼ਹਿਰ ਦੇ ਮੈਗਜ਼ੀਨ ਮੁਹੱਲਾ ਵਿਖੇ ਪੁਰਾਣੇ ਡੀ.ਓ. ਦਫ਼ਤਰ ਦੇ ਨਾਲ ਕਰੀਬ 27 ਲੱਖ ਰੁਪਏ ਦੀ ਲਾਗਤ ਨਾਲ ਨਵੇਂ ਤਿਆਰ ਕੀਤੇ ਆਮ ਆਦਮੀ ਕਲੀਨਿਕ ਦਾ ਉਦਘਾਟਨ ਵਿਧਾਇਕ ਸ਼੍ਰੀਮਤੀ ਨਰਿੰਦਰ ਕੌਰ ਭਰਾਜ ਵੱਲੋਂ ਕੀਤਾ ਗਿਆ। ਇਸ ਮੌਕੇ ਗੱਲਬਾਤ ਕਰਦੇ ਹੋਏ ਵਿਧਾਇਕ ਸ਼੍ਰੀਮਤੀ ਭਰਾਜ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਹਰ ਵਰਗ ਨੂੰ ਮੁਫ਼ਤ ਅਤੇ ਉੱਚ ਗੁਣਵੱਤਾ ਵਾਲੀਆਂ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਆਮ ਆਦਮੀ ਕਲੀਨਿਕ ਲੋਕਾਂ ਨੂੰ ਘਰਾਂ ਨੇੜੇ ਹੀ ਮੁਫ਼ਤ ਇਲਾਜ, ਦਵਾਈਆਂ ਅਤੇ ਜ਼ਰੂਰੀ ਜਾਂਚਾਂ ਦੀ ਸਹੂਲਤ ਮੁਹੱਈਆ ਕਰਵਾ ਰਹੇ ਹਨ, ਜਿਸ ਨਾਲ ਲੋਕਾਂ ਦਾ ਸਮਾਂ ਅਤੇ ਖਰਚ ਦੋਵੇਂ ਬਚ ਰਹੇ ਹਨ। ਉਨ੍ਹਾਂ ਹੋਰ ਕਿਹਾ ਕਿ ਇਸ ਕਲੀਨਿਕ ਦੇ ਸ਼ੁਰੂ ਹੋਣ ਨਾਲ ਮੈਗਜ਼ੀਨ ਮੁਹੱਲਾ ਅਤੇ ਆਸ-ਪਾਸ ਦੇ ਇਲਾਕਿਆਂ ਦੇ ਨਿਵਾਸੀਆਂ ਨੂੰ ਵੱਡੀ ਸਹੂਲਤ ਮਿਲੇਗੀ ਅਤੇ ਹੁਣ ਉਨ੍ਹਾਂ ਨੂੰ ਛੋਟੀਆਂ-ਮੋਟੀਆਂ ਬਿਮਾਰੀਆਂ ਲਈ ਦੂਰ ਦੇ ਹਸਪਤਾਲਾਂ ਦਾ ਰੁਖ ਨਹੀਂ ਕਰਨਾ ਪਵੇਗਾ। ਉਨ੍ਹਾਂ ਇਹ ਵੀ ਦੱਸਿਆ ਕਿ ਇਨ੍ਹਾਂ ਕਲੀਨਿਕਾਂ ਵਿੱਚ ਤਜਰਬੇਕਾਰ ਡਾਕਟਰਾਂ ਅਤੇ ਸਟਾਫ਼ ਦੀ ਤਾਇਨਾਤੀ ਕੀਤੀ ਗਈ ਹੈ ਤਾਂ ਜੋ ਮਰੀਜ਼ਾਂ ਨੂੰ ਬਿਹਤਰ ਸੇਵਾਵਾਂ ਮਿਲ ਸਕਣ। ਹਲਕਾ ਵਿਧਾਇਕ ਨੇ ਕਿਹਾ ਕਿ ਪੰਜਾਬ ਸਰਕਾਰ ਸਿਹਤ ਖੇਤਰ ਵਿੱਚ ਇਨਕਲਾਬੀ ਬਦਲਾਅ ਲਿਆਉਣ ਲਈ ਵਚਨਬੱਧ ਹੈ ਅਤੇ ਆਮ ਆਦਮੀ ਕਲੀਨਿਕ ਇਸ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਸਾਬਤ ਹੋ ਰਹੇ ਹਨ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਨ੍ਹਾਂ ਕਲੀਨਿਕਾਂ ਦੀਆਂ ਸੇਵਾਵਾਂ ਦਾ ਵੱਧ ਤੋਂ ਵੱਧ ਲਾਭ ਲੈਣ ਅਤੇ ਆਪਣੀ ਸਿਹਤ ਦਾ ਖਿਆਲ ਰੱਖਣ। ਇਸ ਮੌਕੇ ਸਿਹਤ ਵਿਭਾਗ ਦੇ ਅਧਿਕਾਰੀ, ਸਥਾਨਕ ਪ੍ਰਤਿਨਿਧੀ ਅਤੇ ਇਲਾਕਾ ਵਾਸੀ ਮੌਜੂਦ ਸਨ।

# ਓਵਰਥਿੰਕਿੰਗ: ਬਿਨਾ ਕਾਰਨ ਦੀ ਚਿੰਤਾ ਮਨੁੱਖੀ ਜੀਵਨ 'ਤੇ ਭਾਰ





ਅਕਸਰ ਅਸੀਂ ਵੇਖਦੇ ਹਾਂ ਕਿ ਕੁਝ ਗੱਲਾਂ ਬਿਨਾ ਕਿਸੇ ਵਾਜਬ ਕਾਰਨ ਦੇ ਮਨ ਵਿੱਚ ਵਾਰ-ਵਾਰ ਆਉਂਦੀਆਂ ਰਹਿੰਦੀਆਂ ਹਨ ਅਤੇ ਬੰਦੇ ਨੂੰ ਅੰਦਰੋਂ ਪਰੇਸ਼ਾਨ ਕਰਦੀਆਂ ਹਨ।ਦਿਲਚਸਪ ਗੱਲ ਇਹ ਹੈ ਕਿ ਇਨਸਾਨ ਨੂੰ ਇਹ ਵੀ ਅਹਿਸਾਸ ਹੁੰਦਾ ਹੈ ਕਿ ਇਹ ਸੋਚਾਂ ਬੇਮਤਲਬ ਹਨ, ਫਿਰ ਵੀ ਉਹਨਾਂ ਤੋਂ ਛੁਟਕਾਰਾ ਨਹੀਂ ਮਿਲਦਾ। ਮਨੋਵਿਗਿਆਨ ਦੀ ਭਾਸ਼ਾ ਵਿੱਚ ਇਸ ਹਾਲਤ ਨੂੰ "ਓਵਰਥਿੰਕਿੰਗ" ਕਿਹਾ ਜਾਂਦਾ ਹੈ। ਓਵਰਥਿੰਕਿੰਗ ਇੱਕ ਆਮ ਪਰ ਗੰਭੀਰ ਸਮੱਸਿਆ ਬਣਦੀ ਜਾ ਰਹੀ ਹੈ, ਖਾਸ ਕਰਕੇ ਨੌਜਵਾਨ ਪੀੜ੍ਹੀ ਵਿੱਚ। ਇਸ ਦਾ ਮੂਲ ਕਾਰਨ ਅਕਸਰ ਅਤਿਅਧਿਕ ਚਿੰਤਾ, ਅਸੁਰੱਖਿਆ ਦੀ ਭਾਵਨਾ ਜਾਂ ਭਵਿੱਖ ਪ੍ਰਤੀ ਡਰ ਹੁੰਦਾ ਹੈ। ਛੋਟੀ-ਛੋਟੀ ਗੱਲਾਂ ਨੂੰ ਲੈ ਕੇ ਵੱਡੇ-ਵੱਡੇ ਨਤੀਜੇ ਕੱਢਣਾ ਅਤੇ ਹਰ ਸਥਿਤੀ ਦਾ ਨਕਾਰਾਤਮਕ ਪੱਖ ਸੋਚਣਾ ਇਸ ਦੀ ਮੁੱਖ ਨਿਸ਼ਾਨੀ ਹੈ। ਉਦਾਹਰਨ ਵਜੋਂ, ਕਿਸੇ ਨੇ ਕੋਈ ਗੱਲ ਕਹੀ ਹੋਵੇ ਜਾਂ ਕਿਸੇ ਨੇ ਫੋਨ ਨਾ ਉਠਾਇਆ ਹੋਵੇ। ਇਹ ਛੋਟੀਆਂ ਗੱਲਾਂ ਵੀ ਮਨ ਵਿੱਚ ਵੱਡਾ ਰੂਪ ਧਾਰ ਲੈਂਦੀਆਂ ਹਨ। ਬੰਦਾ ਸੋਚਦਾ ਰਹਿੰਦਾ ਹੈ ਕਿ "ਕਿਤੇ ਮੈਂ ਕੁਝ ਗਲਤ ਤਾਂ ਨਹੀਂ ਕਹਿ ਦਿੱਤਾ ?", "ਲੋਕ ਮੇਰੇ ਬਾਰੇ ਕੀ ਸੋਚ ਰਹੇ ਹੋਣਗੇ ?" ਇਹ ਸਵਾਲ ਬਿਨਾ ਕਿਸੇ ਹਕੀਕਤੀ ਆਧਾਰ ਦੇ ਮਨ ਵਿੱਚ ਘੁੰਮਦੇ ਰਹਿੰਦੇ ਹਨ ਅਤੇ ਮਨੁੱਖ ਦੀ ਸ਼ਾਂਤੀ ਖੋਹ ਲੈਂਦੇ ਹਨ।ਓਵਰਥਿੰਕਿੰਗ ਦਾ ਸਿੱਧਾ ਅਸਰ ਮਨੁੱਖ ਦੀ ਦਿਨਚਰੀ ਅਤੇ ਸਿਹਤ 'ਤੇ ਪੈਂਦਾ ਹੈ। ਇਸ ਨਾਲ ਨੀਂਦ ਦੀ ਕਮੀ, ਧਿਆਨ ਵਿੱਚ ਘਾਟ ਅਤੇ ਮਨੋਵਿਗਿਆਨਕ ਤਣਾਅ ਵਧ ਜਾਂਦਾ ਹੈ। ਕਈ ਵਾਰ ਇਹ ਹਾਲਤ ਡਿਪ੍ਰੈਸ਼ਨ ਅਤੇ ਐਂਜ਼ਾਇਟੀ ਵਾਂਗੂ ਸਮੱਸਿਆਵਾਂ ਦਾ ਰੂਪ ਵੀ ਧਾਰ ਸਕਦੀ ਹੈ। ਇਨਸਾਨ ਸਰੀਰਕ ਤੌਰ 'ਤੇ ਠੀਕ ਹੋਣ ਦੇ ਬਾਵਜੂਦ ਮਾਨਸਿਕ ਤੌਰ 'ਤੇ ਥੱਕਿਆ ਮਹਿਸੂਸ ਕਰਦਾ ਹੈ। ਇਹ ਵੀ ਸੱਚ ਹੈ ਕਿ ਸੋਚਣਾ ਮਨੁੱਖੀ ਸੁਭਾਵ ਦਾ ਹਿੱਸਾ ਹੈ ਅਤੇ ਸਹੀ ਮਾਤਰਾ ਵਿੱਚ ਸੋਚਣਾ ਜ਼ਰੂਰੀ ਵੀ ਹੈ। ਪਰ ਜਦੋਂ ਇਹ ਸੋਚ ਹੱਦ ਤੋਂ ਵੱਧ ਹੋ ਜਾਵੇ ਅਤੇ ਜੀਵਨ ਦੀ ਰੁਕਾਵਟ ਬਣੇ, ਤਦ ਇਸ ਨੂੰ ਸੰਭਾਲਣ ਦੀ ਲੋੜ ਹੁੰਦੀ ਹੈ। ਇਸ ਲਈ ਸਭ ਤੋਂ ਪਹਿਲਾਂ ਆਪਣੇ ਵਿਚਾਰਾਂ ਨੂੰ ਪਛਾਣਨਾ ਜ਼ਰੂਰੀ ਹੈ। ਜਦੋਂ ਵੀ ਬਿਨਾ ਕਾਰਨ ਦੀ ਚਿੰਤਾ ਹੋਵੇ, ਉਸਨੂੰ ਰੋਕਣ ਦੀ ਕੋਸ਼ਿਸ਼ ਕਰੋ ਅਤੇ ਆਪਣੇ ਧਿਆਨ ਨੂੰ ਕਿਸੇ ਸਕਾਰਾਤਮਕ ਕੰਮ ਵੱਲ ਮੋੜੋ। ਮਾਹਿਰਾਂ ਦੇ ਅਨੁਸਾਰ, ਦਿਨਚਰੀ ਵਿੱਚ ਕਸਰਤ, ਧਿਆਨ (ਮੈਡੀਟੇਸ਼ਨ) ਅਤੇ ਸਮੇਂ ਦੀ ਸਹੀ ਯੋਜਨਾ ਓਵਰਥਿੰਕਿੰਗ ਨੂੰ ਘਟਾਉਣ ਵਿੱਚ ਮਦਦਗਾਰ ਸਾਬਤ ਹੁੰਦੇ ਹਨ। ਇਸ ਤੋਂ ਇਲਾਵਾ, ਆਪਣੇ ਦਿਲ ਦੀ ਗੱਲ ਕਿਸੇ ਭਰੋਸੇਯੋਗ ਦੋਸਤ ਜਾਂ ਪਰਿਵਾਰਕ ਮੈਂਬਰ ਨਾਲ ਸਾਂਝੀ ਕਰਨਾ ਵੀ ਮਨ ਨੂੰ ਹਲਕਾ ਕਰਦਾ ਹੈ। ਅੰਤ ਵਿੱਚ ਕਿਹਾ ਜਾ ਸਕਦਾ ਹੈ ਕਿ ਓਵਰਥਿੰਕਿੰਗ ਇੱਕ ਐਸੀ ਆਦਤ ਹੈ ਜੋ ਹੌਲੀ-ਹੌਲੀ ਮਨੁੱਖ ਦੀ ਖੁਸ਼ੀ ਨੂੰ ਖਾ ਜਾਂਦੀ ਹੈ। ਇਸ ਨੂੰ ਸਮੇਂ 'ਤੇ ਪਛਾਣ ਕੇ ਅਤੇ ਸਹੀ ਕਦਮ ਚੁੱਕ ਕੇ ਅਸੀਂ ਆਪਣੀ ਜ਼ਿੰਦਗੀ ਨੂੰ ਬਿਹਤਰ ਅਤੇ ਸੁਖਮਈ ਬਣਾ ਸਕਦੇ ਹਾਂ।

**-ਗੁਰਜੰਟ ਸਿੰਘ ਨਥੇਹਾ, ਪਿੰਡ ਨਥੇਹਾ (ਬਠਿੰਡਾ)**  
**ਸੰਪਰਕ: 8968727272**

### ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਨੂੰ ਪਰੋਲ ਨਾ ਮਿਲਣਾ ਲੋਕਤੰਤਰ ਦਾ ਘਾਣ : ਬਾਬਾ ਬਿਬੇਕ ਸਿੰਘ

# ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਤੇ ਐਨ ਐਸਏ ਲਗਾਉਣਾ ਸਰਕਾਰਾਂ ਦੀ ਮਿਲੀ ਭੁਗਤ



**ਜੰਡਿਆਲਾ ਗੁਰੂ, 29 ਮਾਰਚ (ਕੁਲਵੰਤ ਸਿੰਘ ਵਿਰਦੀ )**-ਅਕਾਲੀ ਦਲ ਵਾਰਿਸ ਪੰਜਾਬ ਦੇ ਮੁੱਖ ਸੇਵਾਦਾਰ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਵਲੋਂ ਪੰਜਾਬ ਦੇ ਪਿੰਡਾਂ ਸਹਿਰਾਂ ਵਿੱਚ ਖਾਲਸਾ ਵਹੀਰ ਕੱਢਣ ਕਰਕੇ ਲੋਕਾਂ ਦੇ ਮਨਾਂ ਵਿੱਚ ਵੱਸ ਗਿਆ ਸੀ। ਅਤੇ ਹਲਕਾ ਖਡੂਰ ਸਾਹਿਬ ਤੋਂ ਪਿਛਲੀਆਂ ਲੋਕ ਸਭਾ ਦੀਆਂ ਹੋਈਆਂ ਚੋਣਾਂ ਵਿੱਚ ਵੱਡੀ ਲੀਡ ਨਾਲ ਜਿੱਤ ਪ੍ਰਾਪਤ ਕਰਕੇ, ਆਪਣੀ ਪਹਿਚਾਣ ਬਣਾ ਲਈ ਇਨਾਂ ਗੱਲਾਂ ਦਾ ਪ੍ਰਗਟਾਵਾ ਕਰਦਿਆ ਹੋਇਆ ਗੁਰਦੁਆਰਾ ਨਾਨਕਸਰ ਸਾਹਿਬ ਨਾਨਕਸਰ ਨਗਰ ਜੰਡਿਆਲਾ ਗੁਰੂ ਦੇ ਮੁੱਖ ਸੇਵਾਦਾਰ ਅਤੇ ਅਕਾਲੀ ਦਲ ਵਾਰਿਸ ਪੰਜਾਬ ਦੇ ਹਲਕਾ ਜੰਡਿਆਲਾ ਗੁਰੂ ਦੇ ਸੇਵਾਦਾਰ ਬਾਬਾ ਬਿਬੇਕ ਸਿੰਘ ਜੀ ਤੇ ਭਾਈ ਅਮਨਦੀਪ ਸਿੰਘ ਡੱਡੂਆਣਾ ਪ੍ਰਧਾਨ ਜਿਲ੍ਹਾ ਅੰਮ੍ਰਿਤਸਰ ਨੇ ਅੱਗੇ ਕਿਹਾ ਕਿ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਨੇ ਕਿ ਖਾਲਸਾ ਵਹੀਰ ਦੇ ਰਾਹੀਂ ਨੌਜਵਾਨਾਂ ਨੂੰ ਅੰਮ੍ਰਿਤ ਛਕਣ ਦਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜ੍ਹ ਲੱਗਣ ਦਾ ਉਪਦੇਸ਼ ਦਿੱਤਾ।, ਅਤੇ ਭਾਈ ਅੰਮ੍ਰਿਤਪਾਲ ਸਿੰਘ ਨੇ ਪ੍ਰਚਾਰ ਇਸ ਢੰਗ ਨਾਲ ਕੀਤਾ ਕਿ ਕੁਰਾਹੇ ਪੈ ਚੁੱਕੇ ਨੌਜਵਾਨਾਂ ਨੇ ਨਸ਼ਾ ਛੱਡ ਕੇ ਗੁਰੂ ਸਾਹਿਬ ਨਾਲ ਜੁੜਨਾ ਸੁਰੂ ਕਰ ਦਿੱਤਾ ।ਅਤੇ ਉਹਨਾਂ ਵੱਲੋਂ ਨਸ਼ਾ ਛਡਾਓ ਕੇਂਦਰ ਵੀ ਖੋਲ੍ਹੇ ਗਏ ਸਨ। ਅਤੇ ਭਾਈ ਸਾਹਬ ਦੇ ਪ੍ਰਚਾਰ ਤੋਂ ਪ੍ਰਭਾਵਿਤ ਹੋ ਕੇ ਬਹੁਤ ਸਾਰੇ ਨੌਜਵਾਨਾਂ ਨਸ਼ਿਆਂ ਨੂੰ ਤਿਆਗ ਕੇ ਬਾਣੀ ਬਾਣੇ ਦੇ ਧਾਰਨੀ ਹੋ ਗਏ ।ਅਤੇ ਪੰਜਾਬ ਦੀ ਨੌਜਵਾਨੀ ਲਗਭਗ ਉਹਨਾਂ ਦੇ ਨਾਲ ਜੁੜਨੀ ਸ਼ੁਰੂ ਹੋ ਗਈ ਸੀ। ਪਰ ਇਹ ਸਭ ਕੁਝ ਸਰਕਾਰਾਂ ਨੂੰ ਹਜਮ ਨਹੀਂ ਹੋਇਆ। ਜਿਉਂ ਹੀ ਅਜਨਾਲਾ ਵਿਖੇ ਥਾਣੇ ਤੇ ਹਮਲਾ ਕਰਨ ਦੇ ਇਲਜ਼ਾਮ ਵਿੱਚ ਉਹਨਾਂ ਨੂੰ ਗ੍ਰਿਫਤਾਰ ਕਰਕੇ ਉਨਾਂ ਤੇ ਐਨਐਸਏ ਲਗਾ ਕੇ ਉਹਨਾਂ ਨੂੰ ਡਿਬਰੂਗੜ ਜੇਲ ਵਿੱਚ ਭੇਜ ਦਿੱਤਾ ਗਿਆ। ਪਰ ਇੱਥੇ ਹੀ ਬਹੁਤ ਹੈਰਾਨੀ ਵਾਲੀ ਗੱਲ ਹੈ ਕਿ ਇੱਕ ਬੰਦਾ ਜਿਸਦੇ ਉੱਪਰ ਕਤਲ ਦੇ , ਬਲਾਤਕਾਰ ਇਲਜ਼ਾਮ ਵੀ ਹਨ ਉਸ ਨੂੰ ਵਾਰ-ਵਾਰ ਪਰੋਲ ਦੇਣਾ ਅਤੇ ਇੱਕ ਸ਼ਖਸ ਜਿਸ ਦੇ ਉੱਪਰ ਕੋਈ ਇਲਜ਼ਾਮ ਵੀ ਸਾਬਤ ਨਹੀਂ ਹੋਇਆ ਉਸਦੇ ਉੱਪਰ ਲਗਾਤਾਰ ਐਨ ਐਸ ਏ ਲਗਾ ਕੇ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਕਰਨਾ ਸਰਕਾਰਾਂ ਦੀ ਮਿਲੀ ਭੁਗਤ ਦਾ ਨਤੀਜਾ ਹੈ। ਇੱਥੇ ਹੋਰ ਵੀ ਹੈਰਾਨੀਜਨਕ ਤੱਥ ਸਾਹਮਣੇ ਆਉਂਦੇ ਹਨ ਕਿ, ਕਿ ਉਨਾਂ ਕੋਲੋਂ ਨਾ ਤਾਂ ਕੋਈ ਗੈਰ ਜਿੰਮੇਵਾਰ ਅਸਲਾ ਨਾ ਹੀ ਕੋਈ ਕਤਲ ਕੇਸ ਨਾ ਹੀ ਕੋਈ ਦੂਸਰਾ ਕੇਸ ਕੋਈ ਕੇਸ ਵੀ ਨਹੀਂ ਹੈ ਅਤੇ ਐਨਐਸਏ ਪਤਾ ਨਹੀਂ ਕਿਸ ਦੇ ਆਧਾਰ ਤੇ ਵਧਾਈ ਜਾ ਰਹੀ ਹੈ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਦੇ ਵਕੀਲਾਂ ਵੱਲੋਂ ਭਾਈ ਸਾਹਬ ਦੀ ਪਰੋਲ ਬਾਰੇ ਵਾਰ ਵਾਰ ਹਾਈਕੋਰਟ ਵਿੱਚ ਰਿਟ ਪਟੀਸ਼ਨ ਵੀ ਦਾਇਰ ਕੀਤੀ ਜਾਂਦੀ ਹੈ। ਪਰ ਹਰ ਵਾਰ ਰਿਟ ਪਟੀਸ਼ਨ ਨੂੰ ਖਾਰਜ ਕਰਦਿਆਂ ਪਰੋਲ ਨਹੀਂ ਦਿੱਤੀ ਜਾਂਦੀ ਅਤੇ ਹਰ ਸਾਲ ਐਨ ਐਸ ਏ ਵਧਾ ਦਿੱਤੀ ਜਾਂਦੀ ਹੈ ਭਾਈ ਅੰਮ੍ਰਿਤਪਾਲ ਸਿੰਘ ਦੀ ਪਰੋਲ ਅਰਜੀ ਨੂੰ ਖਾਰਜ ਕਰਨਾ ਅਤੇ ਐਨ ਐਸੇ ਏ ਵਿੱਚ ਵਾਧਾ ਕਰਨਾ ਸਰਕਾਰ ਦੀ ਮਿਲੀ ਭੁਗਤ ਦਾ ਨਤੀਜਾ ਹੈ। ਅਤੇ ਲੋਕਤੰਤਰ ਦਾ ਸ਼ਰੇਆਮ ਘਾਣ ਕਰਨ ਬਰਾਬਰ ਹੈ ! ਇਸ ਮੌਕੇ ਭਾਈ ਬਚਿੱਤਰ ਸਿੰਘ ਤਰਸਿੱਕਾ, ਭਾਈ ਜਰਮਨਜੀਤ ਸਿੰਘ ਤਰਸਿੱਕਾ, ਭਾਈ ਸੁਖਜਿੰਦਰ ਸਿੰਘ ਨਿਜਾਮਪੁਰ , ਭਾਈ ਜਸਪਾਲ ਸਿੰਘ ਨਵਾਂ ਪਿੰਡ, ਭਾਈ ਜਸਪਾਲ ਸਿੰਘ, ਭਾਈ ਦਿਲਬਾਗ ਸਿੰਘ, ਰਾਣਾ ਬੰਡਾਲਾ ਕਿਸਾਨ ਯੂਨੀਅਨ, ਮਾਸਟਰ ਕੁਲਵੰਤ ਸਿੰਘ, ਗੁਰਦੇਵ ਸਿੰਘ, ਸਿਮਰਨਜੀਤ ਸਿੰਘ ਜੰਡਿਆਲਾ ਗੁਰੂ ,ਸਕੱਤਰ ਸਿੰਘ, ਕੇਵਲ ਸਿੰਘ ਮਹਿਤਾ, ਭਾਈ ਗੁਰਦਿਆਲ ਸਿੰਘ ਟਾਂਗਰਾ, ਬਿਕਰਮਜੀਤ ਸਿੰਘ ਗਹਿਰੀ, ਬਿਕਰਮਜੀਤ ਸਿੰਘ ਨਰੈਣਗੜ੍ਹ, ਸਰਪੰਚ ਬਲਬੀਰ ਸਿੰਘ ਗੁੰਨੋਵਾਲ, ਕੰਵਲਪ੍ਰੀਤ ਸਿੰਘ ਰਵੀ,ਮੰਗਲ ਸਿੰਘ, ਮਨਿੰਦਰ ਸਿੰਘ ਹਨੀ,ਜਸਪਾਲ ਸਿੰਘ, ਬਾਪੂ ਜਸਬੀਰ ਸਿੰਘ, ਬਾਬਾ ਮਨੋਜ ਸਿੰਘ, ਲੱਕੀ ਸਿੰਘ, ਗੁਰਪ੍ਰੀਤ ਸਿੰਘ ਢਪੱਈਆ ,ਸੁਖਦੇਵ ਸਿੰਘ, ਬਾਬਾ ਲੱਖਾ ਸਿੰਘ, ਸ੍ਰ ਸਰਦੂਲ ਸਿੰਘ ਸਰਜਾ ਆਦਿ ਹਾਜ਼ਰ ਸਨ !

### ਦਿੱਲੀ ਗੁਰਦੁਆਰਾ ਕਮੇਟੀ ਵੱਲੋਂ ਲਾਲ ਕਿਲ੍ਹੇ ’ਤੇ 243ਵੇਂ ਦਿੱਲੀ ਫਤਿਹ ਦਿਵਸ ਸਮਾਗਮ ਸ਼ੁਰੂ

# ਗੁਰਮਤਿ ਸਮਾਗਮ ਵਿਚ ਉਪ ਰਾਜਪਾਲ ਤਰਨਜੀਤ ਸਿੰਘ ਸੰਧੂ ਸਮੇਤ ਪ੍ਰਮੁੱਖ ਸ਼ਖਸੀਅਤਾਂ ਨੇ ਭਰੀ ਹਾਜ਼ਰੀ

ਨਵੀਂ ਦਿੱਲੀ, 29 ਮਾਰਚ (ਮਨਪ੍ਰੀਤ ਸਿੰਘ ਖਾਲਸਾ): ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਲਾਲ ਕਿਲ੍ਹੇ ’ਤੇ 243ਵੇਂ ਦਿੱਲੀ ਫਤਿਹ ਦਿਵਸ ਸਮਾਗਮ ਬੀਤੀ ਰਾਤ ਸ਼ੁਰੂ ਹੋ ਗਏ ਤੇ ਪਹਿਲੇ ਦਿਨ ਗੁਰਮਤਿ ਸਮਾਗਮ ਵਿਚ ਦੀਵਾਨ ਸਜਾਏ ਗਏ ਜਿਸ ਵਿਚ ਉਪ ਰਾਜਪਾਲ ਸਰਦਾਰ ਤਰਨਜੀਤ ਸਿੰਘ ਸੰਧੂ ਸਮੇਤ ਪ੍ਰਮੁੱਖ ਸ਼ਖਸੀਅਤਾਂ ਨੇ ਹਾਜ਼ਰੀ ਭਰੀ। ਇਸ ਮੌਕੇ ਸਮਾਗਮ ਨੂੰ ਸੰਬੋਧਨ ਕਰਦਿਆਂ ਉਪ ਰਾਜਪਾਲ ਸਰਦਾਰ ਤਰਨਜੀਤ ਸਿੰਘ ਸੰਧੂ ਨੇ ਕਿਹਾ ਕਿ ਸਾਡੇ ਮਹਾਨ ਜਰਨੈਲਾਂ ਬਾਬਾ ਬਘੇਲ ਸਿੰਘ, ਬਾਬਾ ਜੱਸਾ ਸਿੰਘ ਆਹਲੂਵਾਲੀਆ ਤੇ ਬਾਬਾ ਜੱਸਾ ਸਿੰਘ ਰਾਮਗੜ੍ਹੀਆ ਨੇ ਲਾਲ ਕਿਲ੍ਹੇ ’ਤੇ ਫਤਿਹ ਹਾਸਲ ਕੀਤੀ ਪਰ ਇਥੇ ਕਤਲੇਆਮ ਨਹੀਂ ਕੀਤਾ ਤੇ ਨਾ ਹੀ ਇਥੇ ਆਪਣੀ ਵਿਰਾਸਤ ਬਣਾਈ ਬਲਕਿ ਉਹਨਾਂ ਨਿਮਾਣੇ ਹੋ ਕੇ ਸਿੱਖ ਪੰਥ ਲਈ ਕੰਮ ਕੀਤਾ ਤੇ ਇਥੇ ਦੇ ਲੋਕਾਂ ਨੂੰ ਤੰਗ ਨਹੀਂ ਕੀਤਾ। ਉਹਨਾਂ ਕਿਹਾ ਕਿ 1920 ਤੋਂ ਲੈ ਕੇ 1926 ਤੱਕ ਜਿਹੜੀ ਸਾਡੀ ਲੀਡਰਸ਼ਿਪ ਹੋਈ ਉਸਨੇ ਪੰਜ ਚੀਜ਼ਾਂ ਕੀਤੀਆਂ, ਜਿਸ ਵਿਚ ਸਭ ਤੋਂ ਅਹਿਮ ਸੀ ਕਿ ਸਿੱਖਾਂ ਨੂੰ ਲੋਕਤੰਤਰੀ ਢੰਗ ਨਾਲ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਵੋਟ ਦਾ ਲੋਕਤੰਤਰੀ ਹੱਕ ਮਿਲਿਆ ਤੇ ਖਾਸ ਤੌਰ ’ਤੇ ਸਾਡੀਆਂ ਭੈਣਾਂ ਨੂੰ 1926 ਵਿਚ ਇਹ ਹੱਕ ਮਿਲਿਆ ਜਦੋਂ ਕਿ ਅੰਗਰੇਜ਼ੀ ਔਰਤਾਂ ਨੂੰ 1927 ਵਿਚ ਇਹ ਵੋਟ ਪਾਉਣ ਦਾ ਅਧਿਕਾਰ ਮਿਲਿਆ।ਉਹਨਾਂ ਕਿਹਾ ਕਿ ਉਸ ਵੇਲੇ ਦੀ ਲੀਡਰਸ਼ਿਪ ਨੇ ਸੇਵਾ ਕੀਤੀ ਤੇ ਲੀਡਰੀ ਨਹੀਂ ਕੀਤੀ ਤੇ ਨਾਮ ਨਹੀਂ ਕਮਾਇਆ। ਉਹਨਾਂ ਕਿਹਾ ਕਿ 1917 ਵਿਚ ਸਰਦਾਰ ਤੇਜਾ ਸਿੰਘ ਸਮੁੰਦਰੀ ਨੇ ਦੋ ਸਕੂਲ ਸਰਹਾਲੀ ਵਿਚ ਬਣਾਏ ਜੋ ਕਿ ਤਰਨ ਤਾਰਨ ਦਾ ਸਭ ਤੋਂ ਵੱਡਾ ਪਿੰਡ ਹੈ ਤੇ ਇਹਨਾਂ ਸਕੂਲਾਂ ਵਿਚੋਂ ਇਕ ਕੁੜੀਆਂ ਦਾ ਸਕੂਲ ਸੀ। ਉਹਨਾਂ ਕਿਹਾ ਕਿ ਅੱਜ ਅਸੀਂ ਔਰਤਾਂ ਦੇ ਸਸ਼ਕਤੀਕਰਨ ਦੀ ਗੱਲ ਕਰਦੇ ਹਾਂ ਪਰ ਸਾਡੀ ਲੀਡਰਸ਼ਿਪ ਨੇ ਉਸ ਵੇਲੇ ਹੀ ਲੜਕੀਆਂ ਦਾ ਸਕੂਲ ਬਣਾ ਦਿੱਤਾ ਸੀ। ਉਹਨਾਂ ਕਿਹਾ ਕਿ ਉਸ ਵੇਲੇ ਦੀ ਲੀਡਰਸ਼ਿਪ ਨੇ ਅਜਿਹੇ ਬਹੁਤ ਵੱਡੇ ਕੰਮ ਕੀਤੇ। ਇਸ ਮੌਕੇ ਉਹਨਾਂ ਵਰਲਡ ਬੈਂਕ ਦੇ ਮੁਖੀ ਸਰਦਾਰ ਅਜੈ ਸਿੰਘ ਬਾਂਗਾ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਬੱਚਿਆਂ ਨੂੰ ਚੰਗੀ ਸਿੱਖਿਆ ਦੇਣ ਤਾਂ ਜੋ ਉਹ ਸਰਦਾਰ ਬਾਂਗਾ ਵਾਂਗੂ ਉੱਚੇ ਅਹੁਦਿਆਂ ’ਤੇ ਪਹੁੰਚਣ। ਇਸ ਮੌਕੇ ਸਮਾਗਮ ਨੂੰ ਸੰਬੋਧਨ ਕਰਦਿਆਂ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਕਿਹਾ ਕਿ ਦਸਮ ਪਿਤਾ ਸਾਹਿਬ ਏ ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ 1699 ਵਿਚ ਵਿਸਾਖੀ ਦੇ ਮੌਕੇ ’ਤੇ ਖਾਲਸੇ ਦੀ ਜਨਮ ਭੂਮੀ ਸ੍ਰੀ ਆਨੰਦਪੁਰ ਸਾਹਿਬ ਵਿਚ ਖਾਲਸਾ ਦੀ ਸਾਜਣਾ ਕੀਤੀ।ਉਹਨਾਂ ਕਿਹਾ ਕਿ ਗੁਰੂ ਸਾਹਿਬ ਦੀ ਅਪਾਰ ਬਖਸ਼ਿਸ਼ ਸਦਕਾ ਅੱਜ ਖਾਲਸਾ ਪੰਥ ਦੇ ਨੁਮਾਇੰਦੇ ਦੁਨੀਆਂ ਭਰ ਵਿਚ ਨਾਮ ਕਮਾ ਰਹੇ ਹਨ। ਉਹਨਾਂ ਇਸ ਮੌਕੇ ਅਪੀਲ ਕੀਤੀ ਕਿ ਦਿੱਲੀ ਗੁਰਦੁਆਰਾ ਕਮੇਟੀ ਵੱਲੋਂ ਵਿਸਾਖੀ ਦੇ ਮੌਕੇ ’ਤੇ 13 ਅਤੇ 14 ਅਪ੍ਰੈਲ ਨੂੰ ਗੁਰਦੁਆਰਾ ਰਕਾਬਗੰਜ ਸਾਹਿਬ ਕੰਪਲੈਕਸ ਵਿਚ ਭਾਈ ਲੱਖੀ ਸ਼ਾਹ ਵਣਜਾਰਾ ਹਾਲ ਵਿਚ ਦੋ ਰੋਜ਼ਾ ਸਮਾਗਮ ਕਰਵਾਏ ਜਾ ਰਹੇ ਹਨ ਜਿਹਨਾਂ ਵਿਚ ਵੱਡੀ ਪੱਧਰ ’ਤੇ ਅੰਮ੍ਰਿਤ ਸੰਚਾਰ ਹੋਵੇਗਾ। ਉਹਨਾਂ ਨੇ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਵੱਧ ਤੋਂ ਵੱਧ ਗਿਣਤੀ ਵਿਚ ਅੰਮ੍ਰਿਤ ਛੱਕ ਕੇ ਗੁਰੂ ਵਾਲੇ ਬਣਨ । ਉਹਨਾਂ ਇਹ ਵੀ ਕਿਹਾ ਕਿ ਜਦੋਂ ਦਿੱਲੀ ਗੁਰਦੁਆਰਾ ਕਮੇਟੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ 350 ਸਾਲਾ ਸ਼ਹੀਦੀ ਦਿਹਾੜਾ ਮਨਾ ਰਹੀ ਸੀ ਤਾਂ ਉਦੋਂ ਮੁੱਖ ਮੰਤਰੀ ਸ੍ਰੀਮਤੀ ਰੇਖਾ ਗੁਪਤਾ ਨੇ ਕਿਹਾ ਸੀ ਕਿ ਅਸੀਂ ਨਵੰਬਰ 2026 ਵਿਚ ਸਮਾਪਤੀ ਸਮਾਗਮ ਹੋਰ ਵੱਡੇ ਪੱਧਰ ’ਤੇ ਕਰਾਂਗੇ। ਉਹਨਾਂ ਕਿਹਾ ਕਿ ਸਾਨੂੰ ਖੁਸ਼ੀ ਹੈ ਕਿ ਅੱਜ ਦਿੱਲੀ ਵਿਚ ਉਪ ਰਾਜਪਾਲ ਦੇ ਅਹੁਦੇ ’ਤੇ ਸਰਦਾਰ ਤਰਨਜੀਤ ਸਿੰਘ ਸੰਧੂ ਦੀ ਨਿਯੁਕਤੀ ਹੋਈ ਹੈ ਤੇ ਸਰਦਾਰ ਸੰਧੂ ਦੇ ਉਪ ਰਾਜਪਾਲ ਬਣਨ ਨਾਲ ਸਿੱਖ ਭਾਈਚਾਰੇ ਦਾ ਮਾਣ ਸਤਿਕਾਰ ਵਧਿਆ ਹੈ। ਇਸ ਮੌਕੇ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਹਰਵਿੰਦਰ ਸਿੰਘ ਕੇ. ਪੀ., ਮੀਤ ਪ੍ਰਧਾਨ ਆਤਮਾ ਸਿੰਘ ਲੁਬਾਣਾ, ਸਕੱਤਰ ਸਰਦਾਰ ਜਸਮੇਨ ਸਿੰਘ ਨੋਨੀ, ਧਰਮ ਪ੍ਰਚਾਰ ਕਮੇਟੀ ਦੇ ਮੁਖੀ ਜਸਪ੍ਰੀਤ ਸਿੰਘ ਕਰਮਸਰ, ਬਾਬਾ ਬਲਬੀਰ ਸਿੰਘ ਨਿਹੰਗ ਸਿੰਘ ਮੁਖੀ ਸਮੇਤ ਹੋਰ ਸ਼ਖਸੀਅਤਾਂ ਵੱਡੀ ਗਿਣਤੀ ਵਿਚ ਹਾਜ਼ਰ ਸਨ।



# ਮਾਨ ਸਰਕਾਰ ਵੱਲੋਂ ਜਾਰੀ ਕੀਤੇ 1076 ਹੈਲਪਲਾਈਨ ਨੰਬਰ ਦਾ ਆਮ ਲੋਕ ਲੈ ਰਹੇ ਫਾਇਦਾ



**ਜੰਡਿਆਲਾ ਗੁਰੂ,29 ਮਾਰਚ (ਕੁਲਵੰਤ ਸਿੰਘ ਵਿਰਦੀ )**-ਪੰਜਾਬ ਸਰਕਾਰ ਸ੍ਰ ਭਗਵੰਤ ਸਿੰਘ ਮਾਨ ਦੀ ਆਪ ਸਰਕਾਰ ਆਪਣੇ ਕਾਰਜਕਾਲ ਦੇ ਚਾਰ ਸਾਲ ਪੂਰੇ ਕਰ ਚੁੱਕੀ ਹੈ , ਅਤੇ ਪੰਜਾਬ ਸਰਕਾਰ ਵੱਲੋਂ ਵੋਟਾਂ ਤੋਂ ਪਹਿਲਾਂ ਪੰਜਾਬ ਦੇ ਲੋਕਾ ਨਾਲ ਕੀਤੇ ਵਾਅਦੇ ਪੂਰੇ ਕਰਦੀ ਆ ਰਹੀ ਹੈ।, ਤੇ ਜੋ ਜਨਤਾ ਨਾਲ ਕੀਤੇ ਵਾਅਦੇ ਰਹਿ ਗਏ ਸਨ ਉਹ ਵੀ ਪੂਰੇ ਕਰਨ ਵਿੱਚ ਜੁਟੀ ਹੋਈ ਹੈ।, ਜਿੱਥੇ ਕਿ ਪਿੰਡਾਂ ਵਿੱਚ ਖੋਲੇ ਗਏ ਸੇਵਾ ਕੇਂਦਰ ਸਾਨੂੰ ਬਹੁਤ ਸਾਰੀਆਂ ਸਹੂਲਤਾਂ ਪ੍ਰਦਾਨ ਕਰ ਰਹੇ ਹਨ ਉੱਥੇ ਹੀ ਲੋਕਾਂ ਦੀ ਸੁੱਖ ਸਹੂਲਤ ਵਾਸਤੇ,, ਭਗਵੰਤ ਸਿੰਘ ਮਾਨ ਦੀ ਸਰਕਾਰ ਬਣਨ ਤੋਂ ਬਾਅਦ,ਪੰਜਾਬ ਸਰਕਾਰ ਵੱਲੋਂ ਹੈਲਪ ਲਾਈਨ ਨੰਬਰ 1076 ਜਾਰੀ ਕੀਤਾ ਗਿਆ ਸੀ ਜਿਸ ਵਿੱਚ ਕਿ ਸੇਵਾ ਕੇਂਦਰ ਵਾਲੀਆਂ ਸਾਰੀਆਂ ਸਹੂਲਤਾਂ ਘਰ ਘਰ ਵਿੱਚ ਪਹੁੰਚਦੀਆਂ ਕੀਤੀਆਂ ਗਈਆਂ ਸਨ।, ਅਤੇ ਇਹ ਪੰਜਾਬ ਸਰਕਾਰ ਦੀ ਇੱਕ ਬਹੁਤ ਹੀ ਵਧੀਆ ਸਹੂਲਤ ਹੈ ਜਿਸ ਦਾ ਕਿ ਫਾਇਦਾ ਲੋਕੀ ਘਰੇ ਬੈਠੇ ਹੀ ਇੱਕ ਫੋਨ ਕਾਲ ਤੇ ਹੀ ਲੈ ਰਹੇ ਹਨ ਅਤੇ ਸੇਵਾ ਕੇਂਦਰ ਦੇ ਮੁਲਾਜ਼ਮ ਘਰ ਆਣ ਕੇ ਪੰਜਾਬ ਸਰਕਾਰ ਵੱਲੋਂ ਸੇਵਾ ਕੇਂਦਰ ਵਿੱਚ ਦਿੱਤੀਆਂ ਗਈਆਂ ਸਹੂਲਤਾਂ ਘਰ-ਘਰ ਵਿੱਚ ਆ ਕੇ ਪ੍ਰਦਾਨ ਕਰਾ ਰਹੇ ਹਨ,ਬੀਤੇ ਦਿਨ ਹਲਕਾ ਜੰਡਿਆਲਾ ਗੁਰੂ ਦੇ ਪਿੰਡ ਮੱਲ੍ਹੀਆ ਵਿਖੇ ਇਸ ਸਹੂਲਤ ਦਾ ਫਾਇਦਾ ਲੈਂਦੇ ਹੋਏ ਇਕ ਪ੍ਰੀਵਾਰ ਦੇ ਨਾਲ ਮਿਲਾਪ ਹੋਇਆ ਤਾਂ ਉਨਾਂ ਦੱਸਿਆ ਕਿ ਇਹ ਸਹੂਲਤ ਬਹੁਤ ਹੀ ਸਲਾਹੁਣਯੋਗ ਹੈ ਕਿਉਂਕਿ ਅਸੀਂ 1076 ਹੈਲਪਲਾਈਨ ਨੰਬਰ ਤੇ ਕਾਲ ਕੀਤੀ ਸੀ ਜਿਸ ਵਿੱਚ ਸਾਡੇ ਵੱਲੋ ਦਿੱਤੇ ਗਏ ਸਮੇਂ ਤੇ ਸਰਕਾਰੀ ਮੁਲਾਜ਼ਮ ਨੇ ਪਹੁੰਚ ਕਿ ਸਾਡੀ ਸਹੂਲਤ ਨੂੰ ਸਾਡੇ ਹਵਾਲੇ ਕੀਤਾ ਜਿਸ ਤੇ ਅਸੀਂ ਪੰਜਾਬ ਸਰਕਾਰ ਦਾ ਧੰਨਵਾਦ ਕਰਦੇ ਹਾਂ ਕਿ ਸਾਨੂੰ ਔਰਤਾਂ ਨੂੰ ਘਰ ਬੈਠੇ ਹੀ ਇਸ ਸਹੂਲਤ ਦਾ ਲਾਭ ਪ੍ਰਾਪਤ ਹੋਇਆ ਹੈ !

# ਪੈਟਰੋਲ ਪੰਪਾਂ ‘ਤੇ ਸਪਲਾਈ ਨਿਰੰਤਰ ਲੋਕਾਂ ਨੂੰ ਅਫ਼ਵਾਹਾਂ ਤੋਂ ਦੂਰ ਰਹਿਣ ਦੀ ਅਪੀਲ- ਡਿਪਟੀ ਕਮਿਸ਼ਨਰ



**ਬਠਿੰਡਾ, 29 ਮਾਰਚ (ਗੁਰਜੰਟ ਸਿੰਘ ਨਥੇਹਾ)**- ਮਾਨਯੋਗ ਡਿਪਟੀ ਕਮਿਸ਼ਨਰ ਸ਼੍ਰੀ ਰਾਜੇਸ਼ ਧੀਮਾਨ ਦੀ ਅਗਵਾਈ ਹੇਠ ਜ਼ਿਲ੍ਹਾ ਖੁਰਾਕ ਸਪਲਾਈ ਕੰਟਰੋਲਰ ਦਫ਼ਤਰ ਬਠਿੰਡਾ ਵਿੱਚ ਇੱਕ ਮਹੱਤਵਪੂਰਨ ਮੀਟਿੰਗ ਆਯੋਜਿਤ ਕੀਤੀ ਗਈ। ਇਸ ਮੀਟਿੰਗ ਵਿੱਚ ਐਫ.ਸੀ.ਐਲ. ਡੀ.ਐਫ.ਐਸ.ਓ.ਨੋਡਲ ਅਧਿਕਾਰੀ ਅਤੇ ਹੋਰ ਸੰਬੰਧਤ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਰਹੇ। ਮੀਟਿੰਗ ਦਾ ਮੁੱਖ ਉਦੇਸ਼ ਪੈਟਰੋਲ ਅਤੇ ਡੀਜ਼ਲ ਦੀ ਸਪਲਾਈ ਪ੍ਰਣਾਲੀ ਨੂੰ ਸੁਚਾਰੂ ਬਣਾਉਣਾ ਅਤੇ ਲੋਕਾਂ ਨੂੰ ਕਿਸੇ ਵੀ ਕਿਸਮ ਦੀ ਦਿਕ.ਤ ਤੋਂ ਬਚਾਉਣਾ ਸੀ। ਮੀਟਿੰਗ ਦੌਰਾਨ ਫੈਸਲਾ ਕੀਤਾ ਗਿਆ ਕਿ ਜ਼ਿਲ੍ਹੇ ਦੇ ਸਾਰੇ ਪੈਟਰੋਲ ਪੰਪਾਂ ਉੱਤੇ ਪੈਟਰੋਲ ਅਤੇ ਡੀਜ਼ਲ ਦੀ ਸਪਲਾਈ ਲਗਾਤਾਰ ਅਤੇ ਸੁਚਾਰੂ ਤਰੀਕੇ ਨਾਲ ਯਕੀਨੀ ਬਣਾਈ ਜਾਵੇਗੀ। ਇਸ ਗੱਲ ਨੂੰ ਵੀ ਯਕੀਨੀ ਬਣਾਇਆ ਜਾਵੇਗਾ ਕਿ ਕਿਸੇ ਵੀ ਪੈਟਰੋਲ ਪੰਪ ਤੇ ਇੰਧਨ ਦੀ ਕਮੀ ਨਾ ਆਵੇ ਅਤੇ ਲੋਕਾਂ ਨੂੰ ਸਮੇਂ ਸਿਰ ਸਹੂਲਤ ਪ੍ਰਦਾਨ ਕੀਤੀ ਜਾ ਸਕੇ। ਇਸ ਤੋਂ ਇਲਾਵਾ ਇਹ ਵੀ ਫੈਸਲਾ ਲਿਆ ਗਿਆ ਕਿ ਜ਼ਿਲ੍ਹੇ ਵਿੱਚ ਕੁੱਲ 240 ਦੇ ਕਰੀਬ ਪੈਟਰੋਲ ਪੰਪ ਚੱਲ ਰਹੇ ਹਨ ਅਤੇ ਕਿਸੇ ਵੀ ਪੰਪ ਤੇ ਪੈਟਰੋਲ ਜਾਂ ਡੀਜ਼ਲ ਦੀ ਕੋਈ ਕਮੀ ਨਹੀਂ ਹੈ। ਪਿਛਲੇ ਕੁਝ ਦਿਨਾਂ ਵਿੱਚ ਇੰਧਨ ਦੀ ਡਿਮਾਂਡ ਵਿੱਚ ਲਗਭਗ 80% ਤੱਕ ਵਾਧਾ ਦੇਖਣ ਨੂੰ ਮਿਲਿਆ ਹੈ, ਪਰ ਫਿਰ ਵੀ ਸਪਲਾਈ ਪ੍ਰਣਾਲੀ ਨੂੰ ਮਜ਼ਬੂਤ ਬਣਾਉਣ ਲਈ ਮੁੱਖ ਯੋਜਨਾਬੰਦੀ ਕੀਤੀ ਗਈ ਹੈ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਆਮ ਜਨਤਾ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਘਬਰਾਹਟ ਵਿੱਚ ਆ ਕੇ ਪੈਟਰੋਲ ਜਾਂ ਡੀਜ਼ਲ ਦੀ ਬੇਵਜ੍ਹਾ ਜਮਾਂ ਨਾ ਕਰਨ। ਜ਼ਿਲ੍ਹੇ ਵਿੱਚ ਇੰਧਨ ਦੀ ਪੂਰੀ ਉਪਲਬਧਤਾ ਹੈ ਅਤੇ ਸਪਲਾਈ ਨਿਰੰਤਰ ਜਾਰੀ ਹੈ। ਕਿਸੇ ਵੀ ਤਰ੍ਹਾਂ ਦੀ ਅਫ਼ਵਾਹ ਤੋਂ ਬਚਣ ਅਤੇ ਸਹੀ ਜਾਣਕਾਰੀ ਲਈ ਸਿਰਫ਼ ਸਰਕਾਰੀ ਸੂਤਰਾਂ ‘ਤੇ ਹੀ ਭਰੋਸਾ ਕਰਨ ਦੀ ਅਪੀਲ ਕੀਤੀ ਗਈ ਹੈ। ਮੀਟਿੰਗ ਦੌਰਾਨ ਸ਼੍ਰੀ ਹਰਸ਼ਿਤ ਮਹਿਤਾ ਖੁਰਾਕ ਸਪਲਾਈ ਅਫ਼ਸਰ, ਸ਼੍ਰੀ ਮਯੂਰ ਗਰਗ ਸੇਲਜ਼ ਮੈਨੇਜਰ, ਮਿਸ ਜੀਵਨਜੋਤ ਕੌਰ ਸੇਲਜ਼ ਮੈਨੇਜਰ ਆਈ.ਓ.ਸੀ.ਐਲ, ਸ਼੍ਰੀ ਸ਼ਮਸੇਰ ਸਬਲਾਨੀਆ ਸੇਲਜ਼ ਮੈਨੇਜਰ, ਮਿਸ ਮਹਿਮਾ ਚਾਹਰ ਸੇਲਜ਼ ਮੈਨੇਜਰ ਬੀ.ਪੀ.ਸੀ.ਐਲ, ਸ਼੍ਰੀ ਹਰਕਰਨ ਸਿੰਘ ਸੇਲਜ ਮੈਨੇਜਰ ਐਚ.ਪੀ.ਸੀ.ਐਲ, ਸ਼੍ਰੀਮਤੀ ਸ਼ੀਨੂੰ ਗਰਗ ਨਿਰੀਖਕ ਖੁਰਾਕ ਅਤੇ ਸਪਲਾਈਜ਼ ਹਾਜ਼ਰ ਰਹੇ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ ’ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

## ਸਰਕਾਰੀ ਹਾਈ ਸਕੂਲ ਦੇਵੀਦਾਸਪੁਰਾ ਵਿਖੇ

# ਮਾਪੇ ਅਧਿਆਪਕ ਮਿਲਣੀ ਕਰਵਾਈ ਗਈ




**ਜੰਡਿਆਲਾ ਗੁਰੂ 29 ਮਾਰਚ ( ਕੁਲਵੰਤ ਸਿੰਘ ਵਿਰਦੀ )**-ਸਰਕਾਰੀ ਹਾਈ ਸਕੂਲ ਦੇਵੀਦਾਸਪੁਰਾ ਵਿਖੇ ਵਿਦਿਆਰਥੀਆਂ ਦੇ ਸਾਲਾਨਾ ਨਤੀਜਿਆਂ ਨੂੰ ਮੁੱਖ ਰੱਖਦੇ ਹੋਏ ਮਾਪੇ ਅਧਿਆਪਕ ਮਿਲਣੀ ਮੁੱਖ ਅਧਿਆਪਕਾ ਸ਼੍ਰੀਮਤੀ ਮਨਦੀਪ ਕੌਰ ਦੀ ਅਗਵਾਈ ਹੇਠ ਕਰਵਾਈ ਗਈ ।ਇਸ ਦੌਰਾਨ ਵਿਦਿਆਰਥੀਆਂ ਤੇ ਮਾਪਿਆਂ ਵਿੱਚ ਕਾਫੀ ਉਤਸ਼ਾਹ ਦੇਖਣ ਨੂੰ ਮਿਲਿਆ। ਸਕੂਲ ਦੇ ਮੁੱਖ ਅਧਿਆਪਕਾ ਨੇ ਸਰਕਾਰ ਵਲੋਂ ਦਿੱਤੀਆਂ ਜਾ ਰਹੀਆਂ ਸਹੂਲਤਾਂ ਤੇ ਸਕੂਲ ਵਿੱਚ ਚਲ ਰਹੇ ਵਿਕਾਸ ਕਾਰਜਾਂ ਬਾਰੇ ਜਾਣੂ ਕਰਵਾਇਆ। ਇਸ ਮੌਕੇ ਅਨਦੀਪ ਸਿੰਘ ਸਮਾਜਿਕ ਸਿੱਖਿਆ ਮਾਸਟਰ ਵਲੋ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ, ਕੈਰੀਅਰ ਐਡ ਗਾਈਡੈਂਸ, ਵਜ਼ੀਫੇ ਆਦਿ ਬਾਰੇ ਜਾਣਕਾਰੀ ਦਿੱਤੀ ਗਈ ।

### ਸਮਾਜਿਕ ਸਿੱਖਿਆ ਅਧਿਆਪਕ ਵਲੋ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ, ਕੈਰੀਅਰ ਐਡ ਗਾਈਡੈਂਸ, ਵਜ਼ੀਫੇ ਬਾਰੇ ਜਾਣਕਾਰੀ ਸਾਂਝੀ ਕੀਤੀ

ਇਸ ਤੋ ਇਲਾਵਾ ਸਕੂਲ ਮੈਨੇਜਮੈਂਟ ਕਮੇਟੀ ਮੈਂਬਰ, ਸਮੂਹ ਸਟਾਫ, ਸਰਪੰਚ ਤੇ ਪੰਚਾਇਤ ਮੈਂਬਰ ਤੇ ਮੋਹਤਬਰ ਸੱਜਣਾਂ ਵੱਲੋਂ ਸਾਲਾਨਾ ਇਮਤਿਹਾਨਾਂ ਵਿੱਚ ਪਹਿਲੀ, ਦੂਜੀ ਤੇ ਤੀਜੀ ਪੁਜੀਸ਼ਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ । ਵਿਦਿਆਰਥੀਆਂ ਦੇ ਮਾਪਿਆਂ ਨੇ ਵੀ ਸਕੂਲ ਦੇ ਸਟਾਫ ਦੀ ਸ਼ਲਾਘਾ ਕੀਤੀ ਅਤੇ ਸਕੂਲ ਵਿੱਚ ਦਾਖਲਾ ਵਧਾਉਣ ਲਈ ਪੂਰਨ ਸਹਿਯੋਗ ਦੇਣ ਲਈ ਵਚਨ ਦਿੱਤਾ । ਇਸ ਮੌਕੇ ਬਲਜੀਤ ਕੌਰ ਸਰਪੰਚ, ਹਰਜਿੰਦਰ ਸਿੰਘ, ਹਰਵਿੰਦਰ ਸਿੰਘ ਜਿਲ੍ਹਾ ਸੈਕਟਰੀ, ਇੰਦਰਜੀਤ ਸਿੰਘ, ਸੁਖਦੇਵ ਸਿੰਘ, ਕੁਲਵਿੰਦਰ ਸਿੰਘ, ਗੁਰਪ੍ਰੀਤ ਕੌਰ, ਪਵਨਪ੍ਰੀਤ ਕੌਰ, ਮਨਪ੍ਰੀਤ ਕੌਰ, ਜਸਬੀਰ ਸਿੰਘ, ਦਲਜੀਤ ਸਿੰਘ ਆਦਿ ਹਾਜ਼ਰ ਸਨ।

## ਸਰਕਾਰ ਨੂੰ ਮਹਿੰਗਾਈ ਅਤੇ ਕਾਲਾਬਾਜ਼ਾਰੀ ਵਿਰੁੱਧ

# 'ਜੰਗੀ ਪੱਧਰ' 'ਤੇ ਕਰਨੀ ਚਾਹੀਦੀ ਹੈ ਕਾਰਵਾਈ: ਨੈਸ਼ਨਲ ਅਕਾਲੀ ਦਲ



ਨਵੀਂ ਦਿੱਲੀ 29 ਮਾਰਚ (ਮਨਪ੍ਰੀਤ ਸਿੰਘ ਖਾਲਸਾ):- ਅੰਤਰਰਾਸ਼ਟਰੀ ਹਾਲਾਤਾਂ, ਖਾਸ ਕਰਕੇ ਅਮਰੀਕਾ ਅਤੇ ਈਰਾਨ ਵਿਚਕਾਰ ਵਧ ਰਹੇ ਤਣਾਅ ਕਾਰਨ, ਦੇਸ਼ ਵਿੱਚ ਮਹਿੰਗਾਈ ਲਗਾਤਾਰ ਵੱਧ ਰਹੀ ਹੈ। ਨੈਸ਼ਨਲ ਅਕਾਲੀ ਦਲ ਨੇ ਗੈਸ ਸਿਲੰਡਰ, ਸਬਜ਼ੀਆਂ ਅਤੇ ਦਾਲਾਂ ਸਮੇਤ ਜ਼ਰੂਰੀ ਵਸਤੂਆਂ ਦੀਆਂ ਵਧਦੀਆਂ ਕੀਮਤਾਂ ਅਤੇ ਕਾਲਾਬਾਜ਼ਾਰੀ ਦੀਆਂ ਵਧਦੀਆਂ ਸ਼ਿਕਾਇਤਾਂ ਨੂੰ ਲੈ ਕੇ ਸਰਕਾਰ ਵਿਰੁੱਧ ਆਪਣਾ ਵਿਰੋਧ ਤੇਜ਼ ਕਰ ਦਿੱਤਾ ਹੈ। ਪਾਰਟੀ ਨੇ ਇਨ੍ਹਾਂ ਮੁੱਦਿਆਂ 'ਤੇ "ਜੰਗੀ ਪੱਧਰ" ਦੀ ਕਾਰਵਾਈ ਦੀ ਮੰਗ ਕੀਤੀ ਹੈ, ਇਸਨੂੰ ਆਮ ਲੋਕਾਂ ਦੇ ਹੱਕਾਂ ਲਈ ਇੱਕ ਫੈਸਲਾਕੁੰਨ ਲੜਾਈ ਕਿਹਾ ਹੈ। ਦਿੱਲੀ ਸੂਬਾ ਕਾਰਜਕਾਰਨੀ ਦੇ ਗਠਨ ਦਾ ਐਲਾਨ ਕਰਦੇ ਹੋਏ, ਨੈਸ਼ਨਲ ਅਕਾਲੀ ਦਲ ਦੇ ਪ੍ਰਧਾਨ ਪਰਮਜੀਤ ਸਿੰਘ ਪੰਮਾ ਨੇ ਕਿਹਾ ਕਿ ਜਿਸ ਤਰ੍ਹਾਂ ਦੇਸ਼ ਬਾਹਰੀ ਚੁਣੌਤੀਆਂ ਦਾ ਸਾਹਮਣਾ ਤਾਕਤ ਨਾਲ ਕਰ ਰਿਹਾ ਹੈ, ਉਸੇ ਤਰ੍ਹਾਂ ਮਹਿੰਗਾਈ ਅਤੇ ਕਾਲਾਬਾਜ਼ਾਰੀ ਵਿਰੁੱਧ ਸਖ਼ਤ ਅਤੇ ਫੈਸਲਾਕੁੰਨ ਕਾਰਵਾਈ ਕਰਨ ਦਾ ਸਮਾਂ ਆ ਗਿਆ ਹੈ। ਉਨ੍ਹਾਂ ਕਿਹਾ, "ਇਹ ਸਿਰਫ਼ ਇੱਕ ਆਰਥਿਕ ਮੁੱਦਾ ਨਹੀਂ ਹੈ, ਸਗੋਂ ਆਮ ਆਦਮੀ ਦੇ ਰੋਜ਼ਾਨਾ ਜੀਵਨ ਨਾਲ ਜੁੜਿਆ ਇੱਕ ਸੰਘਰਸ਼ ਹੈ। ਸਰਕਾਰ ਨੂੰ ਇਸਨੂੰ 'ਲੋਕ ਯੁੱਧ' ਵਜੋਂ ਸਮਝਣਾ ਚਾਹੀਦਾ ਹੈ ਅਤੇ ਠੋਸ ਅਤੇ ਪ੍ਰਭਾਵਸ਼ਾਲੀ ਕਾਰਵਾਈ ਕਰਨੀ ਚਾਹੀਦੀ ਹੈ।" ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਮਹਿੰਗਾਈ ਅਤੇ ਕਾਲਾਬਾਜ਼ਾਰੀ ਨੂੰ ਕਾਬੂ ਕਰਨ ਲਈ ਜਲਦੀ ਹੀ ਠੋਸ ਕਦਮ ਨਾ ਚੁੱਕੇ ਗਏ ਤਾਂ ਪਾਰਟੀ ਸੜਕਾਂ 'ਤੇ ਉਤਰਨ ਅਤੇ ਵਿਰੋਧ ਪ੍ਰਦਰਸ਼ਨ ਕਰਨ ਤੋਂ ਝਿਜਕੇਗੀ ਨਹੀਂ। ਇਸ ਮੌਕੇ 'ਤੇ, ਕੁਲਦੀਪ ਸਿੰਘ ਮਰਵਾਹ ਨੂੰ ਨੈਸ਼ਨਲ ਅਕਾਲੀ ਦਲ ਦਾ ਦਿੱਲੀ ਸੂਬਾ ਪ੍ਰਧਾਨ ਨਿਯੁਕਤ ਕੀਤਾ ਗਿਆ, ਜਿਸਦਾ ਉਦੇਸ਼ ਸੰਗਠਨ ਨੂੰ ਮਜ਼ਬੂਤ ਕਰਨਾ ਹੈ। ਪਾਰਟੀ ਲੀਡਰਸ਼ਿਪ ਨੇ ਵਿਸ਼ਵਾਸ ਪ੍ਰਗਟ ਕੀਤਾ ਕਿ ਉਨ੍ਹਾਂ ਦੀ ਅਗਵਾਈ ਹੇਠ, ਦਿੱਲੀ ਵਿੱਚ ਸੰਗਠਨ ਹੋਰ ਵੀ ਮਜ਼ਬੂਤ ਹੋਵੇਗਾ ਅਤੇ ਜਨਤਕ ਮੁੱਦਿਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਹੱਲ ਕੀਤਾ ਜਾਵੇਗਾ। ਇਸਦੇ ਨਾਲ ਹੀ ਨਵੀਂ ਸੂਬਾ ਕਾਰਜਕਾਰਨੀ ਦਾ ਵੀ ਐਲਾਨ ਕੀਤਾ ਗਿਆ। ਨਵੀਂ ਕਾਰਜਕਾਰਨੀ ਕਮੇਟੀ ਵਿੱਚ ਵਰਿੰਦਰ ਸਿੰਘ ਅਰੋੜਾ ਅਤੇ ਸੁਰਜੀਤ ਸਿੰਘ ਨਈਅਰ ਨੂੰ ਸੀਨੀਅਰ ਉਪ ਪ੍ਰਧਾਨ, ਤ੍ਰਿਲੋਹਣ ਸਿੰਘ, ਮਨਦੀਪ ਸਿੰਘ, ਕੁਲਦੀਪ ਸਿੰਘ ਸਚਦੇਵਾ, ਵਰਿੰਦਰ ਆਰੀਆ, ਪ੍ਰਭਜੋਤ ਸਿੰਘ ਬੇਦੀ ਅਤੇ ਰਾਜ ਕੁਮਾਰ ਮਿੱਤਲ ਨੂੰ ਉਪ ਪ੍ਰਧਾਨ ਸ਼ਾਮਲ ਕੀਤਾ ਗਿਆ ਹੈ। ਬਲਬੀਰ ਸਿੰਘ ਨੂੰ ਜਨਰਲ ਸਕੱਤਰ, ਗੁਰਪਾਲ ਸਿੰਘ ਓਭਾਨ, ਤਰੁਣ ਸੋਨੀ ਅਤੇ ਬਲਵਿੰਦਰ ਸਿੰਘ ਸਰਨਾ ਨੂੰ ਸਕੱਤਰ, ਜਦੋਂ ਕਿ ਮਨਦੀਪ ਸਿੰਘ ਨੂੰ ਸੰਗਠਨ ਸਕੱਤਰ ਨਿਯੁਕਤ ਕੀਤਾ ਗਿਆ ਹੈ। ਪਾਰਟੀ ਦੇ ਸੀਨੀਅਰ ਆਗੂਆਂ ਭਾਵਨਾ ਧਵਨ, ਕੌਮੀ ਸੀਨੀਅਰ ਮੀਤ ਪ੍ਰਧਾਨ ਹਰਮਿੰਦਰ ਪਾਲ ਸਿੰਘ ਬਖਸ਼ੀ, ਰਾਸ਼ਟਰੀ ਮੀਤ ਪ੍ਰਧਾਨ ਪਰਵਿੰਦਰ ਸਿੰਘ ਸੱਭਰਵਾਲ, ਰਾਸ਼ਟਰੀ ਸਕੱਤਰ ਵਿਕਰਾਂਤ ਮੋਹਨ, ਜਸਬੀਰ ਸਿੰਘ ਸਰਨਾ, ਜਸਵਿੰਦਰ ਸਿੰਘ ਸੱਭਰਵਾਲ, ਰੇਸਮੀਤ ਕੌਰ ਬਿੰਦਰਾ (ਰਾਸ਼ਟਰੀ ਪ੍ਰਧਾਨ, ਸਮਾਜਿਕ ਵਿੰਗ), ਰਿਧਮ ਚੱਢਾ (ਪ੍ਰਧਾਨ, ਸਿੱਖਿਆ ਵਿੰਗ, ਦਿੱਲੀ), ਅਤੇ ਸੋਨਾ ਬੱਤਰਾ ਸਮੇਤ ਹੋਰਨਾਂ ਨੇ ਨਵੀਂ ਟੀਮ ਦਾ ਸਵਾਗਤ ਕੀਤਾ। ਇਸ ਮੌਕੇ ਪਰਮਜੀਤ ਸਿੰਘ ਪੰਮਾ ਅਤੇ ਕੁਲਦੀਪ ਸਿੰਘ ਮਰਵਾਹ ਨੇ ਇਹ ਵੀ ਮੰਗ ਕੀਤੀ ਕਿ ਸਰਕਾਰ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਨੂੰ ਕੰਟਰੋਲ ਕਰੇ। ਉਨ੍ਹਾਂ ਕਿਹਾ ਕਿ ਬਾਲਣ ਦੀਆਂ ਕੀਮਤਾਂ ਵਿੱਚ ਲਗਾਤਾਰ ਵਾਧਾ ਆਵਾਜਾਈ ਦੀਆਂ ਲਾਗਤਾਂ ਨੂੰ ਵਧਾਉਂਦਾ ਹੈ, ਜਿਸਦਾ ਸਿੱਧਾ ਅਸਰ ਭੋਜਨ ਅਤੇ ਹੋਰ ਜ਼ਰੂਰੀ ਵਸਤੂਆਂ ਦੀਆਂ ਕੀਮਤਾਂ 'ਤੇ ਪੈਂਦਾ ਹੈ, ਜਿਸਦੇ ਨਤੀਜੇ ਵਜੋਂ ਆਮ ਲੋਕਾਂ 'ਤੇ ਮਹਿੰਗਾਈ ਦਾ ਦੁੱਗਣਾ ਬੋਝ ਪੈਂਦਾ ਹੈ। ਆਗੂਆਂ ਨੇ ਮਹਿੰਗਾਈ ਅਤੇ ਕਾਲਾਬਾਜ਼ਾਰੀ ਵਿਰੁੱਧ ਇਸ "ਲੋਕ ਯੁੱਧ" ਵਿੱਚ ਜਨਤਕ ਮੁੱਦਿਆਂ ਨੂੰ ਜ਼ੋਰਦਾਰ ਢੰਗ ਨਾਲ ਉਠਾ ਕੇ ਸਰਗਰਮ ਭੂਮਿਕਾ ਨਿਭਾਉਣ ਦਾ ਸੰਕਲਪ ਲਿਆ।

### ਕੁਲਦੀਪ ਸਿੰਘ ਮਰਵਾਹ ਨੂੰ ਨੈਸ਼ਨਲ ਅਕਾਲੀ ਦਲ ਦਿੱਲੀ ਦੇ ਸੂਬਾ ਪ੍ਰਧਾਨ ਨਿਯੁਕਤ

# ਮਾਨ ਸਰਕਾਰ ਦੇ ਚਾਰ ਸਾਲਾਂ ਦੇ ਕਾਰਜਕਾਲ ਦੌਰਾਨ ਲੋਕ ਹਿੱਤ ਵਿੱਚ ਹੋਏ ਇਤਿਹਾਸਕ ਫੈਸਲੇ : ਚੱਠਾ



ਧੂਰੀ ( ਰਣਜੀਤ ਸਿੰਘ ਪੇਧਨੀ ) ਪੰਜਾਬ ਵਿਚ ਮਾਨ ਸਰਕਾਰ ਦੇ ਚਾਰ ਸਾਲਾਂ ਕੀਤੇ ਕੰਮਾਂ ਦੀ ਸ਼ਲਾਘਾ ਕਰਦਿਆ ਆਪ ਪੰਜਾਬ ਦੇ ਸੀਨੀਅਰ ਆਗੂ ਉੱਘੇ ਸਮਾਜ ਸੇਵੀ ਸਤਿੰਦਰ ਸਿੰਘ ਚੱਠਾ ਪ੍ਰਧਾਨ ਐਫ ਸੀ ਆਈ ਟਰੇਡ ਯੂਨੀਅਨ ਭਾਰਤ ਨੇ ਕਿ ਪੰਜਾਬ ਵਿੱਚ ਮਾਨ ਸਰਕਾਰ ਦੇ ਚਾਰ ਸਾਲਾਂ ਦੇ ਕਾਰਜਕਾਲ ਦੌਰਾਨ ਲੋਕ ਭਲਾਈ ਲਈ ਕਈ ਇਤਿਹਾਸਕ ਅਤੇ ਦੂਰਦਰਸ਼ੀ ਫੈਸਲੇ ਕੀਤੇ ਗਏ ਹਨ। ਇਨ੍ਹਾਂ ਫੈਸਲਿਆਂ ਨਾਲ ਆਮ ਜਨਤਾ ਨੂੰ ਸਿੱਧਾ ਲਾਭ ਮਿਲਿਆ ਹੈ ਅਤੇ ਪੰਜਾਬ ਦੇ ਵਿਕਾਸ ਨੂੰ ਨਵੀਂ ਦਿਸ਼ਾ ਮਿਲੀ ਹੈ। ਉਨ੍ਹਾਂ ਕਿਹਾ ਕਿ ਸਿਹਤ ਅਤੇ ਸਿੱਖਿਆ ਦੇ ਖੇਤਰ ਵਿੱਚ ਪੰਜਾਬੀਆਂ ਨੂੰ ਮੁਫ਼ਤ ਅਤੇ ਉੱਚ ਦਰਜੇ ਦੀਆਂ ਸਹੂਲਤਾਂ ਪ੍ਰਦਾਨ ਕੀਤੀਆਂ ਗਈਆਂ ਹਨ, ਜਿਸ ਨਾਲ ਆਮ ਪਰਿਵਾਰਾਂ ਦਾ ਆਰਥਿਕ ਬੋਝ ਘਟਿਆ ਹੈ। ਹਰ ਪਰਿਵਾਰ ਨੂੰ ਹਰ ਮਹੀਨੇ 300 ਯੂਨਿਟ ਮੁਫ਼ਤ ਬਿਜਲੀ ਦੇ ਕੇ ਮਾਨ ਸਰਕਾਰ ਨੇ ਅਸੰਭਵ ਨੂੰ ਸੰਭਵ ਕਰ ਦਿਖਾਇਆ ਹੈ। ਉਨ੍ਹਾਂ ਕਿਹਾ ਕਿ ਬਜ਼ੁਰਗਾਂ ਦੀਆਂ ਆਸਾਂ ਨੂੰ ਪੂਰਾ ਕਰਦਿਆਂ ਤੀਰਥ ਯਾਤਰਾ ਯੋਜਨਾ ਦੀ ਸ਼ੁਰੂਆਤ ਕੀਤੀ ਗਈ, ਜਿਸ ਨਾਲ ਬਜ਼ੁਰਗਾਂ ਨੂੰ ਆਤਮਿਕ ਸੰਤੁਸ਼ਟੀ ਮਿਲੀ ਹੈ ਅਤੇ ਉਹਨਾਂ ਦਾ ਅਸ਼ੀਰਵਾਦ ਮਾਨ ਸਰਕਾਰ ਨੂੰ ਪ੍ਰਾਪਤ ਹੋਇਆ ਹੈ। ਉਨ੍ਹਾਂ ਕਿਹਾ ਕਿ ਯੁੱਧ ਨਸ਼ਿਆ ਵਿਰੁੱਧ 'ਚ ਮਾਨ ਸਰਕਾਰ ਨੇ ਨਸ਼ਿਆਂ ਦੇ ਖਿਲਾਫ ਮੁਹਿੰਮ ਤਹਿਤ ਸਖ਼ਤ ਕਾਰਵਾਈ ਕਰਦਿਆਂ ਨਸ਼ਾ ਤਸਕਰਾਂ ਨੂੰ ਜੇਲ੍ਹਾਂ ਵਿੱਚ ਭੇਜਿਆ ਗਿਆ, ਜਿਸ ਨਾਲ ਸਮਾਜ ਵਿੱਚ ਸੁਧਾਰ ਆ ਰਿਹਾ ਹੈ। ਉਨ੍ਹਾਂ ਮਹਿਲਾਵਾਂ ਨਾਲ ਕੀਤੇ ਵਾਅਦੇ ਨੂੰ ਪੂਰਾ ਕਰਨ ਤੇ ਮਾਨ ਸਰਕਾਰ ਨੂੰ ਵਧਾਈ ਦਿੰਦਿਆ ਦੱਸਿਆ ਕਿ ਜਰਨਲ ਵਰਗ ਦੀਆਂ ਮਹਿਲਾਵਾਂ ਨੂੰ 1000 ਰੁਪਏ ਅਤੇ ਅਨੁਸੂਚਿਤ ਵਰਗਾਂ ਨੂੰ 1500 ਰੁਪਏ ਦੀ ਸਨਮਾਨ ਰਾਸ਼ੀ ਦੇ ਕੇ ਮਾਨ ਸਰਕਾਰ ਨੇ ਆਪਣੇ ਸਾਰੇ ਵਾਅਦੇ ਪੂਰੇ ਕੀਤੇ।

# ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਤਪਾਲ ਸਿੰਘ ਦੀ ਫਿਰ ਪਟੀਸ਼ਨ ਰੱਦ ਹੋਣਾਂ ਨਿਆਂ ਪ੍ਰਣਾਲੀ ਤੇ ਸਵਾਲੀਆ ਚਿੰਨ੍ਹ : ਮਨਦੀਪ ਸਿੰਘ ਸਿੱਧੂ

## ਪੰਜਾਬ ਦੇ ਜਨਅਧਾਰ ਦੀ ਅਣਦੇਖੀ, ਲੋਕਾਂ ਦੀ ਆਵਾਜ਼ ਨੂੰ ਰੋਕਣ ਦੀ ਕੋਸ਼ਿਸ਼ ਬਰਦਾਸ਼ਯੋਗ ਨਹੀਂ



**ਅੰਮ੍ਰਿਤਸਰ 29 ਮਾਰਚ (ਆਵਾਜ਼ਿ ਕੌਮ ਬਿਊਰੋ)**-ਅਕਾਲੀ ਦਲ ਵਾਰਿਸ ਪੰਜਾਬ ਦੇ ਨਵ-ਨਿਯੁਕਤ ਸਕੱਤਰ ਜਨਰਲ ਭਾਈ ਮਨਦੀਪ ਸਿੰਘ ਸਿੱਧੂ ਨੇ ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਵੱਲੋਂ ਆਪਣੇ ਸੰਵਿਧਾਨਕ ਅਧਿਕਾਰਾਂ ਤਹਿਤ ਹਾਈਕੋਰਟ ਵਿੱਚ ਪੇਸ਼ ਕੀਤੀਆਂ ਜਾ ਰਹੀਆਂ ਪਟੀਸ਼ਨਾਂ ਦੇ ਲਗਾਤਾਰ ਰੱਦ ਕੀਤੇ ਜਾਣ 'ਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਇਹ ਮਾਮਲਾ ਸਿਰਫ਼ ਇੱਕ ਵਿਅਕਤੀ ਤੱਕ ਸੀਮਿਤ ਨਹੀਂ, ਸਗੋਂ ਪੂਰੇ ਲੋਕਤੰਤਰਕ ਪ੍ਰਣਾਲੀ ਤੇ ਗੰਭੀਰ ਸਵਾਲ ਖੜ੍ਹੇ ਕਰਦਾ ਹੈ। ਅਕਾਲੀ ਦਲ ਵਾਰਿਸ ਪੰਜਾਬ ਦੇ ਪ੍ਰੈਸ ਸਕੱਤਰ ਭਾਈ ਸ਼ਮਸ਼ੇਰ ਸਿੰਘ ਪੱਧਰੀ ਵੱਲੋਂ ਜਾਰੀ ਕੀਤੇ ਗਏ ਪ੍ਰੈਸ ਨੋਟ ਰਾਹੀਂ ਉਨ੍ਹਾਂ ਕਿਹਾ ਕਿ ਖਡੂਰ ਸਾਹਿਬ ਹਲਕੇ ਦੇ ਲੋਕਾਂ ਨੇ ਵੱਡੇ ਭਰੋਸੇ ਨਾਲ ਆਪਣਾਂ ਪ੍ਰਤੀਨਿਧੀ ਚੁਣ ਕੇ ਸੰਸਦ ਵਿੱਚ ਭੇਜਿਆ, ਪਰ ਅੱਜ ਉਹੀ ਆਵਾਜ਼ ਸਰਕਾਰ ਵੱਲੋਂ ਕਾਨੂੰਨੀ ਪੇਚੀਦਗੀਆਂ ਦਾ ਸਹਾਰਾ ਲੈਕੇ ਰੋਕੀ ਜਾ ਰਹੀ ਹੈ। ਇਹ ਹਾਲਾਤ ਦਰਸਾਉਂਦੇ ਹਨ ਕਿ ਜਨਆਧਾਰ ਦੀ ਕਦਰ ਕਰਨ ਦੀ ਬਜਾਏ ਉਸਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਹੋ ਰਹੀ ਹੈ। ਭਾਈ ਮਨਦੀਪ ਸਿੰਘ ਸਿੱਧੂ ਨੇ ਕਿਹਾ ਕਿ ਜਦੋਂ ਕਾਨੂੰਨਾਂ ਦੀ ਵਰਤੋਂ ਇਨਸਾਫ਼ ਦੇ ਬਜਾਏ ਦਬਾਅ ਬਣਾਉਣ ਲਈ ਹੋਣ ਲੱਗੇ, ਤਾਂ ਲੋਕਾਂ ਦਾ ਪ੍ਰਣਾਲੀ 'ਤੋਂ ਭਰੋਸਾ ਟੁੱਟਣਾਂ ਸੁਭਾਵਿਕ ਹੈ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੇ ਕਦਮ ਲੋਕਤੰਤਰਕ ਦੀ ਸ਼ਾਖ ਨੂੰ ਨੁਕਸਾਨ ਪਹੁੰਚਾਉਂਦੇ ਹਨ ਅਤੇ ਜਨਤਾ ਵਿੱਚ ਨਿਰਾਸ਼ਾ ਪੈਦਾ ਕਰਦੇ ਹਨ। ਉਨ੍ਹਾਂ ਕਿਹਾ ਕਿ ਖਡੂਰ ਸਾਹਿਬ ਹਲਕੇ ਦੇ ਲੋਕਾਂ ਦੀ ਆਵਾਜ਼ ਨੂੰ ਅਣਸੁਣੀ ਕਰਨਾ ਅਤੇ ਇੱਕ ਚੁਣੇ ਹੋਏ ਐਮਪੀ ਨੂੰ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣ ਤੋਂ ਵਾਂਝਾ ਰੱਖਣਾ ਕਿਸੇ ਵੀ ਪੱਖੋਂ ਠੀਕ ਨਹੀਂ ਠਹਿਰਾਇਆ ਜਾ ਸਕਦਾ। ਇਹ ਮਾਮਲਾ ਸਿਰਫ਼ ਰਾਜਨੀਤਿਕ ਨਹੀਂ, ਸਗੋਂ ਲੋਕਾਂ ਦੇ ਅਧਿਕਾਰਾਂ ਅਤੇ ਨਿਆਂ ਦੀ ਪਹੁੰਚ ਨਾਲ ਜੁੜਿਆ ਹੋਇਆ ਹੈ।

ਭਾਈ ਸਿੱਧੂ ਨੇ ਮੰਗ ਕੀਤੀ ਕਿ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਨੂੰ ਨਿਆਂਇਕ ਮੌਕਾ ਦਿੱਤਾ ਜਾਵੇ ਅਤੇ ਉਨ੍ਹਾਂ ਨਾਲ ਸੰਬੰਧਿਤ ਮਾਮਲਿਆਂ ਦੀ ਪਾਰਦਰਸ਼ੀ ਅਤੇ ਨਿਰਪੱਖ ਜਾਂਚ ਯਕੀਨੀ ਬਣਾਈ ਜਾਵੇ। ਅੰਤ ਵਿੱਚ ਉਨ੍ਹਾਂ ਕਿਹਾ ਕਿ ਅਕਾਲੀ ਦਲ ਵਾਰਿਸ ਪੰਜਾਬ ਦੇ ਹਮੇਸ਼ਾਂ ਲੋਕਾਂ ਦੇ ਹੱਕਾਂ ਅਤੇ ਨਿਆਂ ਦੀ ਲੜਾਈ ਵਿੱਚ ਅੱਗੇ ਰਹੇਗਾ ਅਤੇ ਹਰ ਪੱਧਰ 'ਤੇ ਆਪਣੀ ਆਵਾਜ਼ ਉਠਾਉਂਦਾ ਰਹੇਗਾ।

# ਝਾੜ ਸਾਹਿਬ ਕਾਲਜ ਵਿਖੇ ਅਰਥਸ਼ਾਸਤਰ ਜਾਗਰੂਕਤਾ ਸਬੰਧੀ ਗਤੀਵਿਧੀਆਂ ਕਰਵਾਈਆਂ ਗਈਆਂ

**ਮਾਛੀਵਾੜਾ ਸਾਹਿਬ, 29 ਮਾਰਚ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਚੱਲ ਰਹੀ ਸੰਸਥਾ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫ਼ਾਰ ਵਿਮੈਨ, ਝਾੜ ਸਾਹਿਬ (ਲੁਧਿ.) ਵਿਖੇ ਮਾਣਯੋਗ ਪ੍ਰਿੰਸੀਪਲ ਡਾ. ਰਜਿੰਦਰ ਕੌਰ ਦੀ ਯੋਗ ਅਗਵਾਈ ਹੇਠ ਵਿਦਿਆਰਥਣਾਂ ਵਿੱਚ ਆਰਥਿਕ ਜਾਗਰੂਕਤਾ ਅਤੇ ਸਮਾਜਿਕ ਸੂਝ-ਬੂਝ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਅਰਥਸ਼ਾਸਤਰ ਵਿਭਾਗ ਦੇ ਮੁੱਖੀ ਅਸਿ.ਪ੍ਰੋ. ਜੋਤੀ ਕੁਮਾਰੀ ਵੱਲੋਂ ਵਿਦਿਆਰਥਣਾਂ ਲਈ ਇੱਕ ਸਿੱਖਿਆਤਮਕ ਗਤੀਵਿਧੀ ਕਰਵਾਈ ਗਈ ।ਇਸ ਪ੍ਰੋਗਰਾਮ ਵਿੱਚ ਬੀ.ਏ ਅਤੇ ਬੀ.ਕਾਮ ਦੀਆਂ ਵਿਦਿਆਰਥਣਾਂ ਨੇ ਵੱਧ-ਚੜ੍ਹ ਕੇ ਹਿੱਸਾ ਲਿਆ। ਇਸ ਗਤੀਵਿਧੀ ਦਾ ਮੁੱਖ ਉਦੇਸ਼ ਵਿਦਿਆਰਥਣਾਂ ਵਿੱਚ ਅਰਥਸ਼ਾਸਤਰ ਵਿਸ਼ੇ ਪ੍ਰਤੀ ਵਿਦਿਆਰਥਣਾਂ ਵਿੱਚ ਰੁਚੀ ਪੈਦਾ ਕਰਨਾ ਅਤੇ ਉਨ੍ਹਾਂ ਨੂੰ ਆਰਥਿਕ ਵਿਸ਼ਿਆਂ ਤੋਂ ਜਾਗਰੂਕ ਕਰਵਾਉਣਾ ਸੀ ।ਇਸ ਮੌਕੇ ਵਿਦਿਆਰਥਣਾਂ ਨੂੰ "ਮਹਾ ਮੰਦੀ 1929" ਵਿਸ਼ੇ ਤੇ ਇੱਕ ਜਾਣਕਾਰੀ ਭਰਪੂਰ ਵੀਡੀਓ ਦਿਖਾਈ ਗਈ, ਜਿਸ ਨਾਲ ਉਨ੍ਹਾਂ ਨੂੰ ਮਹਾਂ ਮੰਦੀਆਂ ਦੇ ਕਾਰਨਾਂ, ਪ੍ਰਭਾਵਾਂ ਅਤੇ ਵਿਸ਼ਵ ਅਰਥਵਿਵਸਥਾ ਤੇ ਪਏ ਅਸਰਾਂ ਬਾਰੇ ਜਾਣਕਾਰੀ ਮਿਲੀ ।ਵੀਡੀਓ ਤੋਂ ਬਾਅਦ ਵਿਦਿਆਰਥਣਾਂ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ ਤਾਂ ਜੋ ਉਨ੍ਹਾਂ ਦੀ ਸਮਝ ਵਿੱਚ ਹੋਰ ਵਾਧਾ ਹੋ ਸਕੇ। ਵਿਭਾਗ ਵੱਲੋਂ ਪੋਸਟਰ ਮੇਕਿੰਗ ਮੁਕਾਬਲਾ ਵੀ ਕਰਵਾਇਆ ਗਿਆ। ਜਿਸ ਦੇ ਵਿਸ਼ੇ "ਵਿਸ਼ਵੀਕਰਨ ਦੇ ਪ੍ਰਭਾਵ", "ਨਿਵੇਸ਼ ਦੀ ਮਹੱਤਤਾ", "ਵੱਧ ਰਹੀ ਮਹਿਗਾਈ" ਆਦਿ ਸਨ। ਵਿਦਿਆਰਥਣਾਂ ਨੇ ਬਹੁਤ ਸੁੰਦਰ ਪੋਸਟਰ ਤਿਆਰ ਕਰਕੇ ਆਪਣੀ ਰਚਨਾ ਦਾ ਪ੍ਰਦਰਸ਼ਣ ਕੀਤਾ। ਆਖੀਰ ਵਿੱਚ ਕਾਲਜ ਪ੍ਰਿੰਸੀਪਲ ਡਾ. ਰਜਿੰਦਰ ਕੌਰ ਜੀ ਨੇ ਸਾਰੀਆਂ ਭਾਗੀਦਾਰ ਵਿਦਿਆਰਥਣਾਂ ਨੂੰ ਵਧਾਈ ਦਿੱਤੀ ਅਤੇ ਭਵਿੱਖ ਵਿੱਚ ਵੀ ਇਸ ਤਰਾਂ ਦੀਆਂ ਗਤੀਵਿਧੀਆਂ ਕਰਵਾਉਣ ਲਈ ਪ੍ਰੇਰਿਤ ਕੀਤਾ ।ਉਨ੍ਹਾਂ ਨੇ ਕਿਹਾ ਕਿ ਕਾਲਜ ਵਿੱਚ ਸਮੇਂ-ਸਮੇਂ ਤੇ ਅਜਿਹੀਆਂ ਗਤੀਵਿਧੀਆਂ ਦਾ ਆਯੋਜਨ ਇਸ ਲਈ ਕੀਤਾ ਜਾਂਦਾ ਹੈ ਤਾਂ ਜੋ ਵਿਦਿਆਰਥਣਾਂ ਵਿੱਚ ਆਤਮ-ਵਿਸ਼ਵਾਸ ਦਾ ਵਾਧਾ ਹੋਣ ਦੇ ਨਾਲ-ਨਾਲ ਉਹ ਆਪਣੀ ਸੋਚ ਅਤੇ ਸਮਰੱਥਾ ਤੋਂ ਜਾਣੂ ਹੋ ਸਕਣ ਅਤੇ ਸਮੇਂ ਦੇ ਹਾਣੀ ਬਣ ਸਕਣ ।ਇਸ ਮੌਕੇ ਮਿਸ ਸ਼ਹਿਨਾਜ਼ ਅਤੇ ਮਿਸ ਜਸਪ੍ਰੀਤ ਕੌਰ ਵੀ ਮੌਜੂਦ ਸਨ।

### ਅਮਰੀਕਾ ਵਿੱਚ 'ਨੋ ਕਿੰਗਜ਼' ਅੰਦੋਲਨ ਤੇਜ਼

# ਟਰੰਪ ਵਿਰੁੱਧ ਹਜ਼ਾਰਾਂ ਲੋਕ ਸੜਕਾਂ 'ਤੇ ਉਤਰੇ




**ਨਵੀਂ ਦਿੱਲੀ 29 ਮਾਰਚ (ਮਨਪ੍ਰੀਤ ਸਿੰਘ ਖਾਲਸਾ):-** ਈਰਾਨ ਵਿਰੁੱਧ ਅਮਰੀਕਾ-ਇਜ਼ਰਾਈਲੀ ਸਾਂਝੀ ਫੌਜੀ ਕਾਰਵਾਈ ਤੋਂ ਇੱਕ ਮਹੀਨੇ ਬਾਅਦ, ਕਈ ਅਮਰੀਕੀ ਸ਼ਹਿਰਾਂ ਵਿੱਚ "ਨੋ ਕਿੰਗਜ਼" ਅੰਦੋਲਨ ਤਹਿਤ ਇੱਕ ਵਾਰ ਫਿਰ ਵੱਡੇ ਪੱਧਰ 'ਤੇ ਵਿਰੋਧ ਪ੍ਰਦਰਸ਼ਨ ਸ਼ੁਰੂ ਹੋ ਗਏ। ਅਲ ਜਜ਼ੀਰਾ ਦੇ ਅਨੁਸਾਰ , ਸ਼ਨੀਵਾਰ 28 ਮਾਰਚ ਦੇ ਮਾਰਚ ਅਤੇ ਰੈਲੀਆਂ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਦੂਜੇ ਕਾਰਜਕਾਲ ਦੌਰਾਨ "ਨੋ ਕਿੰਗਜ਼" ਅੰਦੋਲਨ ਦੇ ਤੀਜੇ ਵੱਡੇ ਪੜਾਅ ਨੂੰ ਦਰਸਾਉਂਦੀਆਂ ਸਨ। ਪ੍ਰਬੰਧਕਾਂ ਨੇ ਦੱਸਿਆ ਕਿ ਸਾਰੇ 50 ਰਾਜਾਂ ਵਿੱਚ 3,300 ਤੋਂ ਵੱਧ ਸਮਾਗਮਾਂ ਦੀ ਯੋਜਨਾ ਬਣਾਈ ਗਈ ਸੀ। ਨਿਊਯਾਰਕ, ਲਾਸ ਏਂਜਲਸ ਅਤੇ ਵਾਸ਼ਿੰਗਟਨ, ਡੀ.ਸੀ. ਵਰਗੇ ਵੱਡੇ ਸ਼ਹਿਰਾਂ ਵਿੱਚ ਵੱਡੀ ਭੀੜ ਦੇਖੀ ਗਈ, ਜਦੋਂ ਕਿ ਰੋਮ, ਪੈਰਿਸ ਅਤੇ ਬਰਲਿਨ ਵਰਗੇ ਅੰਤਰਰਾਸ਼ਟਰੀ ਸ਼ਹਿਰਾਂ ਵਿੱਚ ਸਮਾਨਾਂਤਰ ਸਮਾਗਮ ਆਯੋਜਿਤ ਕੀਤੇ ਗਏ। ਹਾਲਾਂਕਿ, ਇਸ ਵਾਰ ਅੰਦੋਲਨ ਦੀ ਰਣਨੀਤੀ ਸਿਰਫ਼ ਵੱਡੇ ਮਹਾਂਨਗਰੀ ਖੇਤਰਾਂ ਤੱਕ ਸੀਮਿਤ ਨਹੀਂ ਸੀ। ਪ੍ਰਬੰਧਕਾਂ ਨੇ ਖਾਸ ਤੌਰ 'ਤੇ ਉਨ੍ਹਾਂ ਖੇਤਰਾਂ 'ਤੇ ਧਿਆਨ ਕੇਂਦਰਿਤ ਕੀਤਾ ਜੋ ਆਮ ਤੌਰ 'ਤੇ ਰੂੜੀਵਾਦੀ ਮੰਨੇ ਜਾਂਦੇ ਹਨ। ਉਨ੍ਹਾਂ ਦਾ ਦਾਅਵਾ ਹੈ ਕਿ ਲਗਭਗ ਦੋ-ਤਿਹਾਈ ਭਾਗੀਦਾਰ ਵੱਡੇ ਸ਼ਹਿਰਾਂ ਤੋਂ ਬਾਹਰ ਆਯੋਜਿਤ ਸਮਾਗਮਾਂ ਵਿੱਚ ਸ਼ਾਮਲ ਹੋਏ।

ਪ੍ਰਗਤੀਸ਼ੀਲ ਸੰਗਠਨ ਇੰਡੀਵਿਜ਼ੀਬਲ ਦੀ ਸਹਿ-ਸੰਸਥਾਪਕ ਲੀਆ ਗ੍ਰੀਨਬਰਗ ਦੇ ਅਨੁਸਾਰ, "ਇਸ ਵਾਰ ਸਭ ਤੋਂ ਵੱਡੀ ਕਹਾਣੀ ਸਿਰਫ਼ ਇਹ ਨਹੀਂ ਹੈ ਕਿ ਕਿੰਨੇ ਲੋਕ ਸੜਕਾਂ 'ਤੇ ਉਤਰੇ, ਸਗੋਂ ਇਹ ਹੈ ਕਿ ਉਹ ਕਿੱਥੇ ਸੜਕਾਂ 'ਤੇ ਉਤਰੇ।÷

ਮੁੱਖ ਸਮਾਗਮ ਮਿਨੀਸੋਟਾ ਦੇ ਮਿਨੀਆਪੋਲਿਸ-ਸੇਂਟ ਪਾਲ ਖੇਤਰ ਵਿੱਚ ਆਯੋਜਿਤ ਕੀਤਾ ਗਿਆ ਸੀ, ਜਿਸਨੂੰ ਜੁੜਵਾਂ ਸ਼ਹਿਰ ਕਿਹਾ ਜਾਂਦਾ ਹੈ, ਜੋ ਹਾਲ ਹੀ ਦੇ ਮਹੀਨਿਆਂ ਵਿੱਚ ਟਰੰਪ ਪ੍ਰਸ਼ਾਸਨ ਦੀਆਂ ਸਖ਼ਤ ਇਮੀਗ੍ਰੇਸ਼ਨ ਨੀਤੀਆਂ ਦਾ ਕੇਂਦਰ ਰਿਹਾ ਹੈ।

ਦਸੰਬਰ ਵਿੱਚ ਓਪਰੇਸ਼ਨ ਮੈਟਰੋ ਸਰਜ ਦੇ ਹਿੱਸੇ ਵਜੋਂ 3,000 ਤੋਂ ਵੱਧ ਸੰਘੀ ਏਜੰਟ ਤਾਇਨਾਤ ਕੀਤੇ ਗਏ ਸਨ, ਜੋ ਕਿ ਦੇਸ਼ ਨਿਕਾਲੇ ਦੀ ਕਾਰਵਾਈ ਦੌਰਾਨ ਬਹੁਤ ਜ਼ਿਆਦਾ ਤਾਕਤ ਦੇ ਦੋਸ਼ਾਂ ਤੋਂ ਬਾਅਦ ਸ਼ੁਰੂ ਕੀਤਾ ਗਿਆ ਸੀ।

ਜਨਵਰੀ ਵਿੱਚ, ਮੁਹਿੰਮ ਦੌਰਾਨ ਦੋ ਅਮਰੀਕੀ ਨਾਗਰਿਕਾਂ (ਐਲੈਕਸ ਪ੍ਰਿਟੀ ਅਤੇ ਰੇਨੀ ਨਿਕੋਲ ਗੁੱਡ) ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਇਸ ਘਟਨਾ ਨੇ ਦੇਸ਼ ਵਿਆਪੀ ਰੋਸ ਪੈਦਾ ਕੀਤਾ ਅਤੇ ਸੁਧਾਰਾਂ ਦੀ ਮੰਗ ਕੀਤੀ। ਮੁਹਿੰਮ ਵਿਰੁੱਧ ਦਰਜਨਾਂ ਮੁਕੱਦਮੇ ਦਾਇਰ ਕੀਤੇ ਗਏ ਸਨ, ਜੋ ਆਖਰਕਾਰ ਫਰਵਰੀ ਵਿੱਚ ਭੰਗ ਕਰ ਦਿੱਤੇ ਗਏ ਸਨ। ਸ਼ਨੀਵਾਰ ਦੇ ਵਿਰੋਧ ਪ੍ਰਦਰਸ਼ਨ ਵਿੱਚ ਉਨ੍ਹਾਂ ਦੀ ਯਾਦ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ, ਜਿਸ ਵਿੱਚ ਭਾਸ਼ਣ, ਸੰਗੀਤਕ ਪ੍ਰਦਰਸ਼ਨ ਅਤੇ ਸਮਾਜਿਕ ਕਾਰਕੁਨਾਂ, ਮਜ਼ਦੂਰ ਆਗੂਆਂ ਅਤੇ ਸਿਆਸਤਦਾਨਾਂ ਦੀ ਭਾਗੀਦਾਰੀ ਸ਼ਾਮਲ ਸੀ। ਪ੍ਰਗਤੀਸ਼ੀਲ ਨੇਤਾ ਬਰਨੀ ਸੈਂਡਰਸ ਨੇ ਭੀੜ ਨੂੰ ਸੰਬੋਧਨ ਕੀਤਾ, ਜਦੋਂ ਕਿ ਪ੍ਰਸਿੱਧ ਰੌਕ ਕਲਾਕਾਰ ਬਰੂਸ ਸਪ੍ਰਿੰਗਸਟੀਨ ਅਤੇ ਲੋਕ ਗਾਇਕਾ ਜੋਨ ਬੇਜ਼ ਨੇ ਪੇਸ਼ਕਾਰੀ ਦਿੱਤੀ। ਅਦਾਕਾਰ ਰੌਬਰਟ ਡੀ ਨੀਰੋ ਨੇ ਇੱਕ ਰਿਕਾਰਡ ਕੀਤੇ ਸੰਦੇਸ਼ ਨਾਲ ਪ੍ਰਦਰਸ਼ਨਕਾਰੀਆਂ ਨੂੰ ਉਤਸ਼ਾਹਿਤ ਕੀਤਾ। ਉਸਨੇ ਕਿਹਾ ਤੁਹਾਡੀ ਹਿੰਮਤ ਅਤੇ ਵਚਨਬੱਧਤਾ ਨੇ ਸਾਨੂੰ ਸਾਰਿਆਂ ਨੂੰ ਪ੍ਰੇਰਿਤ ਕੀਤਾ ਹੈ। ਤੁਸੀਂ ਅਹਿੰਸਕ ਵਿਰੋਧ ਦੀ ਸ਼ਕਤੀ ਦਾ ਪ੍ਰਦਰਸ਼ਨ ਕੀਤਾ ਹੈ। ਵਾਸ਼ਿੰਗਟਨ, ਡੀ.ਸੀ. ਵਿੱਚ, ਪ੍ਰਦਰਸ਼ਨਕਾਰੀਆਂ ਨੇ ਲਿੰਕਨ ਮੈਮੋਰੀਅਲ ਅਤੇ ਵਾਸ਼ਿੰਗਟਨ ਸਮਾਰਕ ਦੇ ਆਲੇ-ਦੁਆਲੇ ਰੈਲੀ ਕੀਤੀ, ਟਰੰਪ ਪ੍ਰਸ਼ਾਸਨ ਦੇ ਪ੍ਰਤੀਕਾਂ ਦੇ ਤਖ਼ਤੇ ਫੜੇ ਹੋਏ ਸਨ ਅਤੇ ਪੁਤਲੇ ਲਹਿਰਾਏ ਸਨ। ਜੂਨ ਅਤੇ ਅਕਤੂਬਰ ਵਿੱਚ ਹੋਏ "ਨੋ ਕਿੰਗਜ਼" ਵਿਰੋਧ ਪ੍ਰਦਰਸ਼ਨਾਂ ਨੇ ਲੱਖਾਂ ਲੋਕਾਂ ਨੂੰ ਆਕਰਸ਼ਿਤ ਕੀਤਾ। ਅਕਤੂਬਰ ਦੇ ਪ੍ਰਦਰਸ਼ਨ ਤੋਂ ਬਾਅਦ, ਟਰੰਪ ਨੇ ਸੋਸ਼ਲ ਮੀਡੀਆ 'ਤੇ ਇੱਕ ਏਆਈ-ਤਿਆਰ ਕੀਤਾ ਵੀਡੀਓ ਸਾਂਝਾ ਕੀਤਾ ਜਿਸ ਵਿੱਚ ਉਹ ਪ੍ਰਦਰਸ਼ਨਕਾਰੀਆਂ ਦਾ ਮਜ਼ਾਕ ਉਡਾਉਂਦੇ ਦਿਖਾਈ ਦਿੱਤੇ। ਇਸ ਦੌਰਾਨ, ਅਮਰੀਕਾ ਵਿੱਚ ਨਵੰਬਰ ਵਿੱਚ ਹੋਣ ਵਾਲੀਆਂ ਮੱਧਕਾਲੀ ਚੋਣਾਂ ਦੀਆਂ ਤਿਆਰੀਆਂ ਤੇਜ਼ ਹੋ ਗਈਆਂ ਹਨ। ਟਰੰਪ ਦੀ ਰਿਪਬਲਿਕਨ ਪਾਰਟੀ ਕਾਂਗਰਸ ਦੇ ਦੋਵਾਂ ਸਦਨਾਂ ਵਿੱਚ ਆਪਣੀ ਲੀਡ ਬਣਾਈ ਰੱਖਣ ਦੀ ਕੋਸ਼ਿਸ਼ ਕਰ ਰਹੀ ਹੈ, ਜਦੋਂ ਕਿ ਡੈਮੋਕ੍ਰੇਟਿਕ ਪਾਰਟੀ ਨੂੰ ਆਪਣੀਆਂ ਸੀਟਾਂ ਵਧਾਉਣ ਦੀ ਉਮੀਦ ਹੈ। ਵਿਰੋਧ ਪ੍ਰਦਰਸ਼ਨ ਦੌਰਾਨ, ਬਰਨੀ ਸੈਂਡਰਸ ਨੇ ਲੋਕਾਂ ਨੂੰ ਚੋਣਾਂ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਦੀ ਅਪੀਲ ਕਰਦੇ ਹੋਏ ਕਿਹਾ, ਅਸੀਂ ਇਸ ਦੇਸ਼ ਨੂੰ ਤਾਨਾਸ਼ਾਹੀ ਜਾਂ ਕੁਲੀਨਤਾ ਵਿੱਚ ਨਹੀਂ ਡਿੱਗਣ ਦੇਵਾਂਗੇ ਕਿਉਕਿ ਅਮਰੀਕਾ ਵਿੱਚ, ਲੋਕ ਸਰਵਉੱਚ ਹਨ।

### ਕਲਗੀਧਰ ਅੰਮ੍ਰਿਤ ਸੰਚਾਰ ਜਥੇ ਵੱਲੋਂ ਖਾਲਸਾ ਪੰਥ ਦੇ ਸਾਜਨਾ ਦਿਵਸ ਨੂੰ ਸਮਰਪਿਤ

# ਗੁਰਮਤਿ ਸਮਾਗਮ ਤੇ ਅੰਮ੍ਰਿਤ ਸੰਚਾਰ ਸਮਾਗਮ ਵੱਖ-ਵੱਖ ਪਿੰਡਾਂ ਵਿਚ ਕਰਵਾਏ



**ਫ਼ਿਰੋਜ਼ਪੁਰ, 29 ਮਾਰਚ (ਮਨੋਹਰ ਲਾਲ) :—** ਕਲਗੀਧਰ ਅੰਮ੍ਰਿਤ ਸੰਚਾਰ ਜਥੇ ਵੱਲੋਂ ਖਾਲਸਾ ਪੰਥ ਦੇ ਸਾਜਨਾ ਦਿਵਸ ਨੂੰ ਸਮਰਪਿਤ ਗੁਰਮਤਿ ਸਮਾਗਮ ਅਤੇ ਅੰਮ੍ਰਿਤ ਸੰਚਾਰ ਸਮਾਗਮ ਵੱਖ—ਵੱਖ ਪਿੰਡਾਂ ਵਿਚ ਕਰਵਾਏ ਜਾ ਰਹੇ ਹਨ। ਇਹ ਜਾਣਕਾਰੀ ਸਾਂਝੀ ਕਰਦਿਆਂ ਜਥੇਦਾਰ ਭਾਈ ਬਲਕਾਰ ਸਿੰਘ ਇਲਮੇਵਾਲਾ ਨੇ ਦੱਸਿਆ ਕਿ ਇਹ ਸਮਾਗਮ ਵੱਖ—ਵੱਖ ਪਿੰਡਾਂ ਵਿਚ ਹੋ ਰਹੇ ਹਨ, ਜਿਨ੍ਹਾਂ ਵਿਚ ਦੋ ਅਪ੍ਰੈਲ ਨੂੰ ਅੰਮ੍ਰਿਤ ਸੰਚਾਰ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਅਤੇ ਚਾਰ ਅਪ੍ਰੈਲ ਨੂੰ ਸ਼ਹੀਦ ਬਾਬਾ ਸ਼ਾਮ ਸਿੰਘ ਅਟਾਰੀ ਵਿਖੇ ਹੋਣਗੇ। ਇਸ ਤਰ੍ਹਾਂ ਖਾਲਸਾ ਪੰਥ ਨੂੰ ਸਮਰਪਿਤ ਗੁਰਮਤਿ ਸਮਾਗਮ ਪਿੰਡ ਵਲਟੋਹਾ, ਅਲੀਪੁਰ, ਲੋਹਕੇ ਖੁਰਦ, ਭਾਗੋਕੇ, ਖੋਸਾ ਦਲ ਸਿੰਘ, ਨੌਰੰਗ ਸਿੰਘ ਵਾਲਾ, ਚੋਹਾਲਾ ਵਿਖੇ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ। ਜਥੇਦਾਰ ਭਾਈ ਬਲਕਾਰ ਸਿੰਘ ਇਲਮੇਵਾਲਾ, ਭਾਈ ਬਲਵਿੰਦਰ ਸਿੰਘ, ਭਾਈ ਹਰਦੀਪ ਸਿੰਘ ਮੱਲਾਂਵਾਲਾ, ਭਾਈ ਦਿਲਬਾਗ ਸਿੰਘ ਵਰਪਾਲ, ਢਾਡੀ ਜਥਾ ਭਾਈ ਰਣਜੀਤ ਸਿੰਘ ਸਭਰਾਂ ਵਾਲਿਆਂ ਨੇ ਸਮੂਹ ਸੰਗਤਾਂ ਨੂੰ ਬੇਨਤੀ ਕੀਤੀ ਕਿ ਉਹ ਭਾਰੀ ਗਿਣਤੀ ਵਿਚ ਇਹ ਸਮਾਗਮ ਵਿਚ ਪਹੁੰਚੋ ਅਤੇ ਖੰਡੇ ਬਾਟੇ ਦੀ ਪਾਹੁਲ ਛੱਕ ਕੇ ਕਲਗੀਧਰ ਦਸਮੇਸ਼ ਪਿਤਾ ਜੀ ਦੇ ਪੁੱਤਰ ਧੀਆਂ ਬਣੋ।

# ਨੌਜਵਾਨ ਚਰਨਪ੍ਰੀਤ ਸਿੰਘ ਦੀ ਅੰਤਿਮ ਅਰਦਾਸ ਵਿਚ ਪੁੱਜੀਆਂ ਸਖਸ਼ੀਅਤਾਂ ਨੇ ਪਰਿਵਾਰ ਨਾਲ ਕੀਤਾ ਦੁੱਖ ਸਾਂਝਾ



**ਫ਼ਿਰੋਜ਼ਪੁਰ, 29 ਮਾਰਚ (ਮਨੋਹਰ ਲਾਲ) :—** ਏਕਨੂਰ ਖਾਲਸਾ ਫੌਜ਼ ਦੇ ਜੁਝਾਰੂ ਸਿੰਘ ਭਾਈ ਸੁਖਵਿੰਦਰ ਸਿੰਘ ਲੋਹਗੜ੍ਹ ਜਿਨ੍ਹਾਂ ਦੇ ਹੋਣਹਾਰ ਸਪੁੱਤਰ ਚਰਨਪ੍ਰੀਤ ਸਿੰਘ 30 ਸਾਲਾ ਮਾਮੂਮੀ ਬਿਮਾਰੀ ਨਾਲ ਜੂਝਦੇ ਹੋਏ ਸੰਸਾਰ ਅਤੇ ਪਰਿਵਾਰ ਨੂੰ ਰੌਂਦੇ ਵਿਲਕਦੇ ਚਲਾਣਾ ਕਰ ਗਏ ਸਨ, ਦੀ ਅੰਤਿਮ ਅਰਦਾਸ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਹੋਈ। ਨੌਜਵਾਨ ਚਰਨਪ੍ਰੀਤ ਸਿੰਘ ਦੀ ਅੰਤਿਮ ਅਰਦਾਸ ਵਿਚ ਵੱਡੀ ਗਿਣਤੀ ਇਲਾਕਾ ਨਿਵਾਸੀਆਂ, ਰਾਜਨੀਤਕ, ਧਾਰਮਿਕ, ਸਮਾਜ ਸੇਵੀ, ਕਿਸਾਨ ਯੂਨੀਅਨਾਂ ਨੇ ਸ਼ਿਰਕਤ ਕਰਕੇ ਜਿਥੇ ਅਕਾਲ ਪੁਰਖ ਵਾਹਿਗੁਰੂ ਦੇ ਚਰਨਾਂ ਵਿਚ ਵਿਛੜੀ ਰੂਹ ਨੂੰ ਨਿਵਾਸ ਬਖਸ਼ਣ ਦੀ ਅਰਦਾਸ ਕੀਤੀ, ਉਥੇ ਪਰਿਵਾਰ ਨੂੰ ਭਾਣਾ ਮੰਨਣ ਦਾ ਬੱਲ ਬਖਸ਼ਣ ਦੀ ਕਾਮਨਾ ਕੀਤੀ। ਇਸ ਮੌਕੇ ਕਥਾਵਾਚਕ ਭਾਈ ਦਿਲਬਾਗ ਬਲਹੇਰ ਨੇ ਸੰਗਤਾਂ ਨੂੰ ਗੁਰੂ ਮਤ ਅਨੁਸਾਰ ਜੀਵਨ ਜਿਉਣ ਲਈ ਗੁਰਬਾਣੀ ਦੇ ਸ਼ਬਦ ਵਿਚਾਰ ਰਾਹੀਂ ਸਮਝਾਇਆ ਕਿ ਇਨਸਾਨ ਦੀ ਜਿੰਨੀ ਕੁ ਉਮਰ ਹੀ ਭੋਗਣੀ ਪੈਂਦੀ ਹੈ, ਉਨ੍ਹਾਂ ਗੁਰੂ ਸਾਹਿਬਾਨਾਂ ਦੀਆਂ ਤੇ ਸਿੰਘਾਂ ਦੀਆਂ ਸ਼ਹੀਦੀਆਂ ਬਾਰੇ ਚਾਨਣਾ ਪਾਇਆ। ਅੰਤਿਮ ਅਰਦਾਸ ਤੋਂ ਬਾਅਦ ਵੱਖ—ਵੱਖ ਨੁਮਾਇੰਦਿਆਂ ਨੇ ਸ਼ਰਧਾਂਜਲੀਆਂ ਭੇਂਟ ਕੀਤੀਆਂ। ਇਸ ਮੌਕੇ ਫ਼ਿਰੋਜ਼ਪੁਰ ਦਿਹਾਤੀ ਹਲਕੇ ਤੋਂ ਵਿਧਾਇਕ ਰਜਨੀਸ਼ ਦਹੀਆ, ਪੀ.ਏ ਰੌਬੀ ਸੰਧੂ, ਬਾਬਾ ਦਿਲਬਾਗ ਸਿੰਘ ਆਰਿਫਕੇ, ਭਾਈ ਲਖਬੀਰ ਸਿੰਘ ਨੰਬਰਦਾਰ ਪ੍ਰਧਾਨ ਏਕਨੂਰ ਖਾਲਸਾ ਫੌਜ਼ ਨੇ ਸ਼ਰਧਾਂਜਲੀ ਭੇਂਟ ਕਰਦਿਆਂ ਕਿਹਾ ਕਿ ਆਪਾ ਇਥੇ ਸਟੇਜ਼ ਤੇ ਬੋਲ ਕੇ ਤੁਰ ਜਾਵਾਂਗੇ ਕਿ ਬਹੁਤ ਮਾੜਾ ਹੋਇਆ, ਪਰ ਜਿਸ ਮਾਂ ਦਾ ਪਿਤਾ ਦਾ ਪੁੱਤਰ ਤੁਰ ਗਿਆ ਜਾਂ ਜਿਸ ਬੀਬੀ ਭੈਣ ਦਾ ਪਤੀ ਤੁਰ ਗਿਆ, ਜਿਸ ਚਾਰ ਕੁ ਸਾਲ ਦੇ ਬੱਚੇ ਗੁਰਅੰਸ਼ ਦਾ ਪਿਤਾ ਤੁਰ ਗਿਆ ਅਸਲ ਦੁੱਖ ਤਾਂ ਉਨ੍ਹਾਂ ਨੂੰ ਹੈ। ਇਸ ਮੌਕੇ ਲਖਵੀਰ ਸਿੰਘ ਸਤਿਕਾਰ ਕਮੇਟੀ ਮਹਾਲਮ, ਭਾਈ ਹਿੰਮਤ ਸਿੰਘ ਸ਼ਕੂਰ ਸੀ. ਆਗੂ ਨੇ ਪਰਿਵਾਰ ਨਾਲ ਦੁੱਖ ਸਾਂਝਾ ਕਰਦਿਆਂ ਕਿਹਾ ਕਿ ਏਕ ਨੂਰ ਖਾਲਸਾ ਫੌਜ਼ ਜਥੇਬੰਦੀ ਪਰਿਵਾਰ ਨਾਲ ਹਰ ਦੁੱਖ ਸੁੱਖ ਵਿਚ ਨਾਲ ਖੜੀ ਹੈ, ਜਦੋਂ ਵੀ ਹੁਕਮ ਕਰਨਗੇ, ਪਰਿਵਾਰਕ ਮੈਂਬਰ ਹਾਜ਼ਰ ਹੋਵਾਂਗੇ। ਭਾਈ ਗੁਰਭਾਗ ਸਿੰਘ ਮਰੂੜ, ਸਾਧੂ ਸਿੰਘ ਮਰੂੜ, ਭਾਹੀ ਗੁਰਪ੍ਰੀਤ ਸਿੰਘ ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਨੇ ਵੀ ਸ਼ਰਧਾਂਜਲੀਆਂ ਭੇਂਟ ਕਰਦਿਆਂ ਪਰਿਵਾਰ ਨੂੰ ਭਰੋਸਾ ਦਿੱਤਾ ਕਿ ਜਥੇਬੰਦੀ ਪਰਿਵਾਰ ਨਾਲ ਖੜੀ ਹੈ। ਇਸ ਮੌਕੇ ਭਾਈ ਅਵਤਾਰ ਸਿੰਘ ਪ੍ਰਧਾਨ, ਬਲਜਿੰਦਰ ਸਿੰਘ, ਨਿਰਮਲ ਸਿੰਘ ਸੀ.ਮੀਤ ਪ੍ਰਧਾਨ ਗੱਟੀ ਬਾਦਸ਼ਾਹ, ਰਣਧੀਰ ਸਿੰਘ, ਗੁਰਦੇਵ ਸਿੰਘ ਦੋਵੇਂ ਮੀਤ ਪ੍ਰਧਨ, ਦਰਸ਼ਨ ਸਿੰਘ ਪ੍ਰਧਾਨ ਜ਼ੀਰਾ ਆਦਿ ਹਾਜ਼ਰ ਸਨ।

# ਸਰਕਾਰੀ ਐਲੀਮੈਂਟਰੀ ਸਕੂਲ ਨਵਾਂਪਿੰਡ ਵਿਖੇ ਸਲਾਨਾ ਸਮਾਗਮ ਕਰਵਾਇਆ ਸਕੂਲ ਮੁਖੀ ਤੇ ਸਮੂਹ ਸਟਾਫ ਵੱਲੋਂ ਵਿਦਿਆਰਥੀਆਂ ਨੂੰ ਇਨਾਮ ਵੰਡੇ ਗਏ



ਜੰਡਿਆਲਾ ਗੁਰੂ , 29 ਮਾਰਚ ( ਕੁਲਵੰਤ ਸਿੰਘ ਵਿਰਦੀ )-ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਸਰਕਾਰੀ ਐਲੀਮੈਂਟਰੀ ਸਕੂਲ ਨਵਾਂ ਪਿੰਡ ਵਿਖੇ ਮੈਗਾ ਪੀ. ਟੀ. ਐਮ. ਐਫ.ਐਨ.ਐਲ. ਮੇਲਾ ਅਤੇ ਪ੍ਰੀ ਪ੍ਰਾਇਮਰੀ ਕਲਾਸਾਂ ਦੀ ਗਰੈਜੂਏਸ਼ਨ ਸੇਰੇਮਨੀ ਸਕੂਲ ਮੁੱਖੀ ਮੈਡਮ ਸੁਖਮੀਨ ਕੌਰ ਦੇ ਪ੍ਰਬੰਧਾਂ ਹੇਠ ਕਰਵਾਈ ਗਈ, ਜਿਸ ਵਿਚ ਸਿਮਰਜੀਤ ਕੌਰ ਅਤੇ ਮੇਘਾ ਮਲਹੋਤਰਾ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਸਕੂਲ ਮੁਖੀ ਮੈਡਮ ਸੁਖਮੀਨ ਕੌਰ ਨੇ ਸਾਲਾਨਾ ਰਿਪੋਰਟ ਪੜਦਿਆਂ ਆਏ ਮਹਿਮਾਨਾਂ ਦਾ ਸਵਾਗਤ ਕੀਤਾ। ਇਸ ਦੌਰਾਨ ਬੱਚਿਆ ਨੇ ਸ਼ਾਨਦਾਰ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਅਤੇ ਗਿੱਧਾ, ਭੰਗੜਾ, ਸੋਲੋ ਡਾਂਸ ਆਦਿ ਪੇਸ਼ ਕਰਕੇ ਮਨ ਮੋਹਿਆ। ਸਕੂਲ ਮੁਖੀ ਮੈਡਮ ਸੁਖਮੀਨ ਕੌਰ ਤੇ ਅਸ਼ੋਸ਼ੀਏਟ ਟੀਚਰ ਗੁਰਪ੍ਰੀਤ ਕੌਰ ਸਮੂਹ ਸਟਾਫ ਨੇ ਵਿਦਿਆਰਥੀਆਂ ਨੂੰ ਇਨਾਮ ਵੰਡੇ। ਇਸ ਮੌਕੇ ਪ੍ਰਭਜੋਤ ਕੌਰ, ਕੁਲਵੰਤ ਕੌਰ, ਹਰਜੀਤ ਕੌਰ, ਰਾਜ ਕੌਰ, ਐਸ.ਐਮ.ਸੀ. ਮੈਂਬਰਾਂ, ਵਿਦਿਆਰਥੀਆਂ ਦੇ ਮਾਪਿਆਂ ਅਤੇ ਹੋਰ ਪਤਵੰਤੇ ਸੱਜਣਾਂ ਨੇ ਸ਼ਮੂਲੀਅਤ ਕੀਤੀ ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243